

ਮਨਦੀਪ ਕੌਰ (ਡਾਇਰੈਕਟਰ)

ਪੜ੍ਹੋ ਭਾਰਤ ਦੀ ਹਰ ਖ਼ਬਰ ਸੱਚ ਦੇ ਨਾਲ

# ਸਭ ਤੋਂ ਫਾਸਟ ਆਹਮੋ-ਸਾਹਮਣੇ

SABSE FAST AAMNE SAAMNE

Rni No Punpun 2015/60599

1 - 7 October 2025



ਸੋਨੂ ਸਮਿਆਲ (ਉਪ-ਸੰਪਾਦਕ)

ਸਾਲ 2025 / ਸੰਪਾਦਕ : ਐੱਸ. ਕੇ. ਸਕਸੈਨਾ / ਈ-ਮੇਲ : editoraamnesaamne@gmail.com/ ਮੋਬਾਈਲ : 9878552070, 9780802013


## ਚੀਫ ਜਸਟਿਸ 'ਤੇ 'ਹਮਲਾ', ਇਕ ਤਰ੍ਹਾਂ ਸੰਵਿਧਾਨ 'ਤੇ ਵੀ ਹਮਲਾ : ਸੋਨੀਆ ਗਾਂਧੀ



ਨਵੀਂ ਦਿੱਲੀ (ਏਜੰਸੀ)-ਕਾਂਗਰਸ ਦੀ ਸੰਸਦੀ ਪਾਰਟੀ ਦੀ ਮੁਖੀ ਸੋਨੀਆ ਗਾਂਧੀ ਨੇ ਸੋਮਵਾਰ ਨੂੰ ਕਿਹਾ ਕਿ ਚੀਫ ਜਸਟਿਸ ਬੀ ਆਰ ਗਵਈ 'ਤੇ 'ਹਮਲਾ' ਸਿਰਫ਼ ਉਨ੍ਹਾਂ 'ਤੇ ਹੀ ਨਹੀਂ ਬਲਕਿ ਸੰਵਿਧਾਨ 'ਤੇ ਵੀ ਹਮਲਾ ਹੈ। ਸੋਨੀਆ ਗਾਂਧੀ ਨੇ ਇੱਕ ਬਿਆਨ ਵਿੱਚ ਕਿਹਾ, 'ਸੁਪਰੀਮ ਕੋਰਟ 'ਚ ਭਾਰਤ ਦੇ ਮਾਣਯੋਗ ਚੀਫ ਜਸਟਿਸ 'ਤੇ ਹੋਏ ਹਮਲੇ ਦੀ ਨਿੰਦਾ ਕਰਨ ਲਈ ਕੋਈ ਵੀ ਸ਼ਬਦ ਢੁੱਕਵਾਂ ਨਹੀਂ ਹੈ। ਇਹ ਨਾ ਸਿਰਫ਼ ਉਨ੍ਹਾਂ (ਚੀਫ ਜਸਟਿਸ) 'ਤੇ ਬਲਕਿ ਸਾਡੇ ਸੰਵਿਧਾਨ 'ਤੇ ਵੀ ਹਮਲਾ ਹੈ।' ਕਾਂਗਰਸ ਦੀ ਸਾਬਕਾ ਪ੍ਰਧਾਨ ਨੇ ਕਿਹਾ, 'ਚੀਫ ਜਸਟਿਸ ਗਵਈ ਬਹੁਤ ਹੀ ਸੁਹਿਰਦ ਹਨ ਪਰ ਦੇਸ਼ ਨੂੰ ਉਨ੍ਹਾਂ ਨਾਲ ਇਕਜੁੱਟ ਹੋ ਕੇ ਖੜ੍ਹੇ ਹੋਣਾ ਚਾਹੀਦਾ ਹੈ।' ਇਸੇ ਦੌਰਾਨ ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਨੇ ਚੀਫ ਜਸਟਿਸ 'ਤੇ ਕਥਿਤ ਤੌਰ 'ਤੇ ਜੁੱਤਾ ਸੁੱਟਣ ਦੀ ਕੋਸ਼ਿਸ਼ ਕਰਨ ਦੀ ਘਟਨਾ ਦੀ ਨਿੰਦਾ ਕਰਦਿਆਂ ਸੋਮਵਾਰ ਨੂੰ ਕਿਹਾ ਕਿ ਇਹ ਨਿਆਂਪਾਲਿਕਾ ਤੇ ਮਾਣ-ਸਨਮਾਨ ਤੇ ਕਾਨੂੰਨ ਦੇ ਸ਼ਾਸਨ 'ਤੇ ਹਮਲਾ ਹੈ। ਖੜਗੇ ਨੇ ਐਕਸ 'ਤੇ ਕਿਹਾ, 'ਅੱਜ ਸੁਪਰੀਮ ਕੋਰਟ 'ਚ ਭਾਰਤ ਦੇ ਮਾਣਯੋਗ ਚੀਫ ਜਸਟਿਸ 'ਤੇ ਹਮਲੇ ਦੀ ਕੋਸ਼ਿਸ਼ ਸ਼ਰਮਨਾਕ ਘਟਨਾ ਹੈ। ਇਹ ਸਾਡੀ ਨਿਆਂਪਾਲਿਕਾ ਦੇ ਮਾਣ-ਸਨਮਾਨ ਤੇ ਕਾਨੂੰਨ ਦੇ ਸ਼ਾਸਨ 'ਤੇ ਹਮਲਾ ਹੈ।'

# ਲੋਕਾਂ ਦਾ ਜੀਵਨ ਬਿਹਤਰ ਬਣਾਉਣਾ ਮੇਰਾ ਨਿਰੰਤਰ ਯਤਨ: ਪ੍ਰਧਾਨ ਮੰਤਰੀ

## ਨਰਿੰਦਰ ਮੋਦੀ ਨੇ ਸਰਕਾਰ ਦੇ ਮੁਖੀ ਵਜੋਂ ਆਪਣਾ 25ਵਾਂ ਸਾਲ ਸ਼ੁਰੂ ਕੀਤਾ



ਨਵੀਂ ਦਿੱਲੀ (ਏਜੰਸੀ)-ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਮੰਗਲਵਾਰ ਨੂੰ ਸਰਕਾਰ ਦੇ ਮੁਖੀ ਵਜੋਂ ਆਪਣਾ 25ਵਾਂ ਸਾਲ ਸ਼ੁਰੂ ਕੀਤਾ। ਇਸ ਮੌਕੇ ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਲੋਕਾਂ ਦੀ ਜ਼ਿੰਦਗੀ ਨੂੰ ਬਿਹਤਰ ਬਣਾਉਣਾ ਅਤੇ ਇਸ ਮਹਾਨ ਦੇਸ਼ ਦੀ ਤਰੱਕੀ ਵਿੱਚ ਯੋਗਦਾਨ ਪਾਉਣਾ ਉਨ੍ਹਾਂ ਦਾ ਨਿਰੰਤਰ ਯਤਨ ਰਿਹਾ ਹੈ। ਉਨ੍ਹਾਂ ਨੇ 'ਐਕਸ' (ਪਹਿਲਾਂ ਟਵਿੱਟਰ) 'ਤੇ ਇੱਕ ਪੋਸਟ ਵਿੱਚ ਦੱਸਿਆ ਕਿ ਉਨ੍ਹਾਂ ਨੇ ਇਸ ਦਿਨ 2001 ਵਿੱਚ ਪਹਿਲੀ ਵਾਰ ਗੁਜਰਾਤ ਦੇ ਮੁੱਖ ਮੰਤਰੀ ਵਜੋਂ ਸਹੁੰ ਚੁੱਕੀ ਸੀ। ਮੋਦੀ ਨੇ ਕਿਹਾ, ÷ਭਾਰਤੀਆਂ ਦੇ ਲਗਾਤਾਰ ਆਸ਼ੀਰਵਾਦ ਸਦਕਾ, ਮੈਂ ਇੱਕ ਸਰਕਾਰ ਦੇ ਮੁਖੀ ਵਜੋਂ ਸੇਵਾ ਕਰਨ ਦੇ ਆਪਣੇ 25ਵੇਂ ਸਾਲ ਵਿੱਚ ਪ੍ਰਵੇਸ਼ ਕਰ ਰਿਹਾ ਹਾਂ। ਭਾਰਤ ਦੇ ਲੋਕਾਂ ਦਾ ਮੈਂ ਧੰਨਵਾਦੀ ਹਾਂ।÷ ਉਨ੍ਹਾਂ ਅੱਗੇ ਕਿਹਾ, ÷ਇਨ੍ਹਾਂ ਸਾਰੇ ਸਾਲਾਂ ਦੌਰਾਨ, ਸਾਡੇ ਲੋਕਾਂ ਦੇ ਜੀਵਨ ਨੂੰ ਬਿਹਤਰ ਬਣਾਉਣ ਅਤੇ ਇਸ ਮਹਾਨ ਰਾਸ਼ਟਰ ਦੀ ਤਰੱਕੀ ਵਿੱਚ ਯੋਗਦਾਨ ਪਾਉਣ ਦਾ ਮੇਰਾ ਨਿਰੰਤਰ ਯਤਨ ਰਿਹਾ ਹੈ, ਜਿਸ ਨੇ ਸਾਡੇ ਸਾਰਿਆਂ ਨੂੰ ਪਾਲਿਆ ਹੈ। ਗੁਜਰਾਤ ਵਿੱਚ ਲਗਾਤਾਰ ਤਿੰਨ ਵਿਧਾਨ ਸਭਾ ਚੋਣਾਂ ਵਿੱਚ ਭਾਜਪਾ ਨੂੰ ਜਿੱਤ ਦਿਵਾਉਣ ਤੋਂ ਬਾਅਦ, ਉਨ੍ਹਾਂ ਨੇ ਲਗਾਤਾਰ ਤਿੰਨ ਰਾਸ਼ਟਰੀ ਚੋਣਾਂ ਵਿੱਚ ਭਾਜਪਾ ਦੀ ਅਗਵਾਈ ਵਾਲੇ ਰਾਸ਼ਟਰੀ ਜਮਹੂਰੀ ਗਠਜੋੜ (ਐਨ.ਡੀ.ਏ.) ਨੂੰ ਜਿੱਤ ਦਿਵਾਈ ਹੈ। ਇੱਕ ਮੌਜੂਦਾ ਮੁਖੀ ਵਜੋਂ, ਮੋਦੀ ਨੂੰ ਕਦੇ ਵੀ ਚੋਣ ਹਾਰ ਦਾ ਸਾਹਮਣਾ ਨਹੀਂ ਕਰਨਾ ਪਿਆ ਅਤੇ ਉਹ ਸਾਰੇ ਪ੍ਰਧਾਨ ਮੰਤਰੀਆਂ ਵਿੱਚੋਂ ਸਰਕਾਰ ਦੇ ਸਭ ਤੋਂ ਲੰਬੇ ਸਮੇਂ ਤੱਕ ਮੁਖੀ ਰਹਿਣ ਦਾ ਰਿਕਾਰਡ ਰੱਖਦੇ ਹਨ, ਜਿਸ ਵਿੱਚ 12 ਸਾਲ ਤੋਂ ਵੱਧ ਸਮੇਂ ਤੱਕ ਮੁੱਖ ਮੰਤਰੀ ਵਜੋਂ ਸੇਵਾ ਕਰਨਾ ਵੀ ਸ਼ਾਮਲ ਹੈ।





# ਮੁੱਖ ਮੰਤਰੀ ਵੱਲੋਂ ਪੰਜਾਬੀਆਂ ਨੂੰ ਤਿਉਹਾਰਾਂ ਦਾ ਤੋਹ.ਫਾ

## 4150 ਕਰੋੜ ਰੁਪਏ ਦੀ ਲਾਗਤ ਨਾਲ 19,491 ਕਿਲੋਮੀਟਰ ਲਿੰਕ ਸੜਕਾਂ ਦੇ ਨਿਰਮਾਣ ਦੀ ਸ਼ੁਰੂਆਤ

## ਠੇਕੇਦਾਰਾਂ ਨੂੰ ਅਗਲੇ ਪੰਜ ਸਾਲਾਂ ਲਈ ਸੜਕਾਂ ਦੀ ਸਾਂਭ-ਸੰਭਾਲ ਦਾ ਜ਼ਿੰਮਾ ਸੌਂਪਿਆ, ਹੜ੍ਹਾਂ ਕਾਰਨ ਹੋਏ ਨੁਕਸਾਨ ਲਈ ਕਿਸਾਨਾਂ ਨੂੰ 20,000 ਰੁਪਏ ਪ੍ਰਤੀ ਏਕੜ ਮਿਲਣਗੇ

ਮਨਦੀਪ ਕੌਰ

ਝਬਾਲ (ਤਰਨ ਤਾਰਨ), - ਤਿਉਹਾਰਾਂ ਦੇ ਸੀਜ਼ਨ ਦੌਰਾਨ ਸੂਬੇ ਦੇ ਲੋਕਾਂ ਨੂੰ ਵੱਡਾ ਤੋਹਫ਼ਾ ਦਿੰਦੇ ਹੋਏ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ 4,150.42 ਕਰੋੜ ਰੁਪਏ ਦੀ ਲਾਗਤ ਨਾਲ ਸੂਬੇ ਵਿੱਚ 19,491.56 ਕਿਲੋਮੀਟਰ ਪੇਂਡੂ ਲਿੰਕ ਸੜਕਾਂ ਦੀ ਮੁਰੰਮਤ ਅਤੇ ਅਪਗ੍ਰੇਡ ਕਰਨ ਲਈ ਵੱਡਾ ਪ੍ਰਾਜੈਕਟ ਸ਼ੁਰੂ ਕੀਤਾ। ਇਕੱਠ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਨੇ ਤਰਨ ਤਾਰਨ ਦੀ ਪਵਿੱਤਰ ਧਰਤੀ ਤੇ ਸੀਸ ਝੁਕਾਇਆ, ਜਿਸ ਨੂੰ ਪੰਜਵੇਂ ਗੁਰੂ ਸ੍ਰੀ ਗੁਰੂ ਅਰਜਨ ਦੇਵ ਜੀ, ਨੌਂਵੇਂ ਗੁਰੂ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਜੀ ਅਤੇ ਬਾਬਾ ਬੁੱਢਾ ਜੀ ਦੀ ਚਰਨ ਛੋਹ ਪ੍ਰਾਪਤ ਹੈ। ਉਨ੍ਹਾਂ ਕਿਹਾ ਕਿ ਅੱਜ ਦਾ ਦਿਨ ਇਤਿਹਾਸਕ ਹੈ, ਖ਼ਾਸ ਕਰ ਕੇ ਪੰਜਾਬ ਦੇ ਪੇਂਡੂ ਖੇਤਰਾਂ ਲਈ ਕਿਉਂਕਿ ਅੱਜ ਪੇਂਡੂ ਲਿੰਕ ਸੜਕਾਂ ਦੀ ਮੁਰੰਮਤ ਅਤੇ ਨਵੀਨੀਕਰਨ ਦਾ ਕੰਮ ਸ਼ੁਰੂ ਕੀਤਾ ਜਾ ਰਿਹਾ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਇਕ ਹੋਰ ਇਤਿਹਾਸਕ ਫੈਸਲਾ ਲਿਆ ਹੈ, ਜਿਸ ਤਹਿਤ ਹੁਣ ਇਨ੍ਹਾਂ ਲਿੰਕ ਸੜਕਾਂ ਦੀ ਮੁਰੰਮਤ ਦੇ ਨਾਲ-ਨਾਲ ਅਗਲੇ ਪੰਜ ਸਾਲਾਂ ਲਈ ਠੇਕੇਦਾਰਾਂ ਵੱਲੋਂ ਇਨ੍ਹਾਂ ਦੀ ਸਾਂਭ-ਸੰਭਾਲ ਵੀ ਯਕੀਨੀ ਬਣਾਈ ਜਾਵੇਗੀ।

# ਹਿਮਾਚਲ ਪ੍ਰਦੇਸ਼ ਦੇ ਉੱਚੇ ਇਲਾਕਿਆਂ 'ਤੇ ਬਰ.ਫਬਾਰੀ

## ਲਾਹੌਲ ਤੇ ਸਪਿਤੀ ਜ਼ਿਲ੍ਹੇ ਦੇ ਗੋਂਧਲਾ ਤੇ ਕੇਲੌਂਗ ਵਿੱਚ ਪੰਜ ਤੇ ਚਾਰ ਸੈਂਟੀਮੀਟਰ ਬਰ.ਫ ਪਈ; ਕਈ ਥਾਵਾਂ 'ਤੇ ਰੁਕ-ਰੁਕ ਕੇ ਮੀਂਹ ਪਿਆ





ਊਨਾ (ਏਜੰਸੀ)-ਹਿਮਾਚਲ ਪ੍ਰਦੇਸ਼ ਦੇ ਉੱਚੇ ਇਲਾਕਿਆਂ ਵਿੱਚ ਅੱਜ ਦੂਜੇ ਦਿਨ ਵੀ ਬਰਫ਼ਬਾਰੀ ਹੋਈ, ਜਿਸ ਨਾਲ ਤਾਪਮਾਨ ਹੋਰ ਡਿੱਗ ਗਿਆ। ਅਧਿਕਾਰੀਆਂ ਨੇ ਦੱਸਿਆ ਕਿ ਲਾਹੌਲ ਤੇ ਸਪਿਤੀ ਜ਼ਿਲ੍ਹੇ ਦੇ ਗੋਂਧਲਾ ਤੇ ਕੇਲੌਂਗ ਵਿੱਚ ਕ੍ਰਮਵਾਰ ਪੰਜ ਸੈਂਟੀਮੀਟਰ ਅਤੇ ਚਾਰ ਸੈਂਟੀਮੀਟਰ ਬਰਫ਼ਬਾਰੀ ਪਈ।ਸੂਬੇ ਦੇ ਕੁਝ ਹਿੱਸਿਆਂ ਵਿੱਚ ਰੁਕ-ਰੁਕ ਕੇ ਮੀਂਹ ਪਿਆ ਅਤੇ ਐਤਵਾਰ ਸ਼ਾਮ ਤੋਂ ਗੁਲੇਰ ਵਿੱਚ 42 ਮਿਲੀਮੀਟਰ ਮੀਂਹ ਪਿਆ। ਉਪਰੰਤ ਨਗਰੋਟਾ ਸੁਰੀਆਂ ਵਿੱਚ 38.4, ਭਰਵਾਈਂ ਵਿੱਚ 37, ਡੇਰਾ ਗੋਪੀਪੁਰ ਵਿੱਚ 35, ਪੱਛਾੜ ਵਿੱਚ 34.2, ਅਗਹਰ ਵਿੱਚ 32.8, ਨਾਦੌਨ 'ਚ 28 ਮਿਲੀਮੀਟਰ ਅਤੇ ਮੁਰਾਰੀ ਦੇਵੀ ਵਿੱਚ 27 ਮਿਲੀਮੀਟਰ ਮੀਂਹ ਦਰਜ ਕੀਤਾ ਗਿਆ। ਜੋਤ, ਮੁਰਾਰੀ ਦੇਵੀ, ਸੁੰਦਰਨਗਰ, ਭੁੰਤਰ, ਕਾਂਗੜਾ, ਪਾਲਮਪੁਰ ਅਤੇ ਸ਼ਿਮਲਾ ਵਿੱਚ ਗਰਜ ਦੇ ਨਾਲ ਬਾਰਿਸ਼ ਹੋਈ ਜਦਕਿ ਹਮੀਰਪੁਰ, ਨਾਰਕੰਡਾ, ਕੁਫਰੀ, ਬਜੌਰਾ, ਰਿਕਾਂਗਪੀਓ, ਤਾਬੋ ਅਤੇ ਕੋਟਖਾਈ ਵਿੱਚ 41 ਤੋਂ 57 ਕਿਲੋਮੀਟਰ ਪ੍ਰਤੀ ਘੰਟੇ ਦੀ ਰਫ਼ਤਾਰ ਨਾਲ ਤੇਜ਼ ਹਵਾਵਾਂ ਚੱਲੀਆਂ। ਸ਼ਿਮਲਾ ਦੇ ਮੌਸਮ ਵਿਭਾਗ ਦੇ ਡਾਇਰੈਕਟਰ ਕੁਲਦੀਪ ਸ਼੍ਰੀਵਾਸਤਵ ਨੇ ਕਿਹਾ ਕਿ ਅਗਲੇ ਦੋ ਦਿਨਾਂ ਤੱਕ ਮਜ਼ਬੂਤ ਸਰਗਰਮ ਪੱਛਮੀ ਗੜਬੜੀ ਸੂਬੇ ਨੂੰ ਪ੍ਰਭਾਵਿਤ ਕਰੇਗੀ ਅਤੇ ਸਾਰੇ ਜ਼ਿਲ੍ਹਿਆਂ ਵਿੱਚ ਰੁਕ-ਰੁਕ ਕੇ ਮੀਂਹ ਪੈਣ ਦੀ ਸੰਭਾਵਨਾ ਹੈ। ਇਸ ਦੇ ਨਾਲ ਕਾਂਗੜਾ ਤੇ ਚੰਬਾ ਜ਼ਿਲ੍ਹਿਆਂ ਵਿੱਚ ਭਾਰੀ ਮੀਂਹ ਅਤੇ ਲਾਹੌਲ ਤੇ ਸਪਿਤੀ ਵਿੱਚ ਬਰਫ਼ਬਾਰੀ ਹੋ ਸਕਦੀ ਹੈ। ਕਸ਼ਮੀਰ ਵਿੱਚ ਬਰਫ਼ਬਾਰੀ ਤੇ ਮੀਂਹ ਕਾਰਨ ਪਾਰਾ ਡਿੱਗਿਆ ਸ੍ਰੀਨਗਰ: ਕਸ਼ਮੀਰ ਦੇ ਉੱਪਰੀ ਇਲਾਕਿਆਂ ਵਿੱਚ ਤਾਜ਼ਾ ਬਰਫ਼ਬਾਰੀ ਅਤੇ ਮੈਦਾਨੀ ਇਲਾਕਿਆਂ ਵਿੱਚ ਮੀਂਹ ਪੈਣ ਕਾਰਨ ਅੱਜ ਵਾਦੀ ਵਿੱਚ ਦਿਨ ਦੇ ਤਾਪਮਾਨ 'ਚ ਭਾਰੀ ਨਿਘਾਰ ਦਰਜ ਕੀਤਾ ਗਿਆ। ਅਧਿਕਾਰੀਆਂ ਨੇ ਦੱਸਿਆ ਕਿ ਅਨੰਤਨਾਗ ਜ਼ਿਲ੍ਹੇ ਦੇ ਸਿੰਥਨ ਟੌਪ, ਗੁਲਮਰਗ ਦੇ ਅਫ਼ਰਵਤ, ਜ਼ੋਜਿਲਾ ਪਾਸ, ਕੁਪਵਾੜਾ ਦੇ ਬੰਗਸ, ਗੁਰੇਜ਼ ਵਾਦੀ ਦੇ ਰਾਜ਼ਦਾਨ ਪਾਸ ਅਤੇ ਹੋਰ ਉੱਚੇ ਇਲਾਕਿਆਂ ਵਿੱਚ ਬਰਫ਼ਬਾਰੀ ਹੋਈ। ਉਨ੍ਹਾਂ ਦੱਸਿਆ ਕਿ ਸ੍ਰੀਨਗਰ ਸ਼ਹਿਰ ਸਣੇ ਕਸ਼ਮੀਰ ਦੇ ਮੈਦਾਨੀ ਇਲਾਕਿਆਂ ਵਿੱਚ ਹਲਕੇ ਤੋਂ ਦਰਮਿਆਨਾ ਮੀਂਹ ਪਿਆ। ਅੱਜ ਵਾਦੀ ਵਿੱਚ ਦਿਨ ਦਾ ਤਾਪਮਾਨ ਲਗਪਗ 10 ਡਿਗਰੀ ਤੱਕ ਡਿੱਗਿਆ। ਮੌਸਮ ਵਿਭਾਗ ਨੇ ਵਾਦੀ ਵਿੱਚ ਅਗਲੇ 24 ਘੰਟਿਆਂ ਤੱਕ ਮੀਂਹ ਪੈਣ ਦੀ ਪੇਸ਼ੀਨਗੋਈ ਕੀਤੀ ਹੈ।

# ਹਮਾਸ ਨੇ ਅਮਰੀਕੀ ਰਾਸ਼ਟਰਪਤੀ ਦੀ ਸ਼ਾਂਤੀ ਯੋਜਨਾ ਦੀਆਂ ਕੁਝ ਸ਼ਰਤਾਂ ਮੰਨੀਆਂ





ਤਲ ਅਵੀਵ (ਏਜੰਸੀ)-ਗਾਜ਼ਾ 'ਚ ਜੰਗ ਖ਼ਤਮ ਕਰਨ ਦੀ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਦੀ ਯੋਜਨਾ ਦੀਆਂ ਕੁਝ ਸ਼ਰਤਾਂ ਹਮਾਸ ਨੇ ਮੰਨ ਲਈਆਂ ਹਨ। ਇਸ ਮਗਰੋਂ ਇਜ਼ਰਾਇਲੀ ਫ਼ੌਜ ਨੇ ਯੋਜਨਾ ਦੇ ਪਹਿਲੇ ਗੇੜ ਦੀਆਂ ਤਿਆਰੀਆਂ ਤੇਜ਼ ਕਰ ਦਿੱਤੀਆਂ ਹਨ। ਇਜ਼ਰਾਇਲੀ ਆਗੂਆਂ ਨੇ ਵੀ ਫ਼ੌਜ ਨੂੰ ਯੋਜਨਾ ਲਾਗੂ ਕਰਨ ਦੇ ਨਿਰਦੇਸ਼ ਦਿੱਤੇ ਹਨ। ਉਧਰ ਗਾਜ਼ਾ ਦੇ ਸਿਹਤ ਮੰਤਰਾਲੇ ਨੇ ਕਿਹਾ ਕਿ ਇਜ਼ਰਾਈਲ-ਹਮਾਸ ਜੰਗ 'ਚ ਮੌਤਾਂ ਦਾ ਅੰਕੜਾ 67 ਹਜ਼ਾਰ ਤੋਂ ਪਾਰ ਹੋ ਗਿਆ ਹੈ। ਇਕ ਅਧਿਕਾਰੀ ਨੇ ਕਿਹਾ ਕਿ ਇਜ਼ਰਾਈਲ ਨੇ ਗਾਜ਼ਾ 'ਚ ਬਚਾਅ ਵਾਲੀ ਸਥਿਤੀ ਅਖ਼ਤਿਆਰ ਕਰ ਲਈ ਹੈ ਅਤੇ ਉਹ ਹਮਲੇ ਨਹੀਂ ਕਰੇਗਾ। ਅਧਿਕਾਰੀ ਨੇ ਦੱਸਿਆ ਕਿ ਗਾਜ਼ਾ ਪੱਟੀ 'ਚੋਂ ਕੋਈ ਵੀ ਜਵਾਨ ਹਟਾਇਆ ਨਹੀਂ ਗਿਆ ਹੈ। ਇਸ ਤੋਂ ਕੁਝ ਘੰਟੇ ਪਹਿਲਾਂ ਟਰੰਪ ਨੇ ਯੋਜਨਾ ਦੀਆਂ ਕੁਝ ਸ਼ਰਤਾਂ ਹਮਾਸ ਵੱਲੋਂ ਪ੍ਰਵਾਨ ਕੀਤੇ ਜਾਣ ਮਗਰੋਂ ਇਜ਼ਰਾਈਲ ਨੂੰ ਗਾਜ਼ਾ 'ਚ ਹਮਲੇ ਰੋਕਣ ਦੇ ਹੁਕਮ ਦਿੱਤੇ ਸਨ। ਟਰੰਪ ਨੇ ਹਮਾਸ ਦੇ ਬਿਆਨ ਦਾ ਸਵਾਗਤ ਕਰਦਿਆਂ ਕਿਹਾ ਸੀ, "ਮੈਨੂੰ ਲਗਦਾ ਹੈ ਕਿ ਉਹ ਸ਼ਾਂਤੀ ਲਈ ਤਿਆਰ ਹਨ।" ਅਮਰੀਕੀ ਰਾਸ਼ਟਰਪਤੀ ਚਾਹੁੰਦੇ ਹਨ ਕਿ ਹਮਲੇ ਦੀ ਦੂਜੀ ਬਰਸੀ ਤੋਂ ਪਹਿਲਾਂ ਦਰਜਨਾਂ ਬੰਦੀ ਛੱਡ ਦਿੱਤੇ ਜਾਣ। ਇਸ ਦੌਰਾਨ ਮਿਸਰ ਦੇ ਸੀਨੀਅਰ ਅਧਿਕਾਰੀ ਨੇ ਕਿਹਾ ਕਿ ਹਮਾਸ ਤੋਂ ਬੰਦੀਆਂ ਨੂੰ ਛੁਡਾਉਣ ਅਤੇ ਇਜ਼ਰਾਇਲੀ ਹਿਰਾਸਤ 'ਚੋਂ ਸੈਂਕੜੇ ਫਲਸਤੀਨੀਆਂ ਦੀ ਰਿਹਾਈ ਲਈ ਗੱਲਬਾਤ ਜਾਰੀ ਹੈ। ਗੋਲੀਬੰਦੀ ਦੀ ਵਾਰਤਾ 'ਚ ਸ਼ਾਮਲ ਰਹੇ ਅਧਿਕਾਰੀ ਨੇ ਕਿਹਾ ਕਿ ਵਿਚੋਲਗੀ ਕਰ ਰਹੇ ਅਰਬ ਮੁਲਕ ਫਲਸਤੀਨੀਆਂ ਵਿਚਾਲੇ ਵਿਆਪਕ ਵਾਰਤਾ ਦੀਆਂ ਤਿਆਰੀਆਂ ਕਰ ਰਹੇ ਹਨ। ਇਸ ਵਾਰਤਾ ਦਾ ਉਦੇਸ਼ ਗਾਜ਼ਾ ਦੇ ਭਵਿੱਖ ਪ੍ਰਤੀ ਫਲਸਤੀਨੀਆਂ ਨੂੰ ਇਕਜੁੱਟ ਕਰਨਾ ਹੈ। 'ਫਲਸਤੀਨੀ ਇਸਲਾਮਿਕ ਜਹਾਦ' ਨੇ ਸ਼ਨਿਚਰਵਾਰ ਨੂੰ ਕਿਹਾ ਕਿ ਟਰੰਪ ਦੀ ਯੋਜਨਾ 'ਤੇ ਹਮਾਸ ਦੀ ਪ੍ਰਤੀਕਿਰਿਆ ਨੂੰ ਉਹ ਸਵੀਕਾਰ ਕਰਦਾ ਹੈ। ਕੁਝ ਦਿਨ ਪਹਿਲਾਂ ਹਮਾਸ ਨੇ ਯੋਜਨਾ ਨੂੰ ਨਾਮਨਜ਼ੂਰ ਕਰ ਦਿੱਤਾ ਸੀ। ਯੋਜਨਾ ਤਹਿਤ ਹਮਾਸ ਤਿੰਨ ਦਿਨਾਂ ਦੇ ਅੰਦਰ ਬਾਕੀ ਰਹਿੰਦੇ 48 ਬੰਦੀਆਂ ਨੂੰ ਰਿਹਾਅ ਕਰੇਗਾ ਜਿਨ੍ਹਾਂ 'ਚੋਂ ਕਰੀਬ 20 ਦੇ ਜਿਊਂਦਾ ਬਚੇ ਹੋਣ ਦੀ ਆਸ ਹੈ।



# ਪੰਜਾਬ ਸਰਕਾਰ ਵੱਲੋਂ ਆਸ਼ਾ ਵਰਕਰਾਂ ਅਤੇ ਫੈਸੀਲੀਟੇਟਰਾਂ ਨੂੰ ਜਣੇਪਾ ਛੁੱਟੀ ਦਾ ਲਾਭ ਦੇਣ ਸਬੰਧੀ ਨੋਟੀਫਿਕੇਸ਼ਨ ਜਾਰੀ

## 'ਆਸ਼ਾ ਵਰਕਰ ਤੇ ਫੈਸਲੀਟੇਟਰ ਯੂਨੀਅਨ' ਨੇ ਮੀਟਿੰਗ ਦੌਰਾਨ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਦਾ ਕੀਤਾ ਧੰਨਵਾਦ

ਪੰਕਜ

ਚੰਡੀਗੜ੍ਹ, ਪੰਜਾਬ ਸਰਕਾਰ ਦੇ ਵੱਖ-ਵੱਖ ਵਿਭਾਗਾਂ ਤੇ ਅਦਾਰਿਆਂ ਨਾਲ ਸਬੰਧਤ ਪੰਜ ਕਰਮਚਾਰੀ ਸੰਗਠਨਾਂ ਦੇ ਨੁਮਾਇੰਦਿਆਂ ਨਾਲ ਮੀਟਿੰਗਾਂ ਦੌਰਾਨ, ਪੰਜਾਬ ਦੇ ਵਿੱਤ ਮੰਤਰੀ ਐਡਵੋਕੇਟ ਹਰਪਾਲ ਸਿੰਘ ਚੀਮਾ, ਜੋ ਕਿ ਕਰਮਚਾਰੀ ਮੁੱਦਿਆਂ 'ਤੇ ਕੈਬਨਿਟ ਸਬ-ਕਮੇਟੀ ਦੇ ਚੇਅਰਮੈਨ ਵੀ ਹਨ, ਨੇ ਐਲਾਨ ਕੀਤਾ ਕਿ ਪੰਜਾਬ ਸਰਕਾਰ ਵੱਲੋਂ ਅੱਜ 'ਮੈਟਰਨਿਟੀ ਬੈਨੀਫਿਟਸ ਐਕਟ, 1961' ਦੇ ਅਨੁਸਾਰ ਆਸ਼ਾ ਅਤੇ ਆਸ਼ਾ ਫੈਸੀਲੀਟੇਟਰਾਂ ਨੂੰ ਜਣੇਪਾ ਛੁੱਟੀ ਦਾ ਲਾਭ ਦੇਣ ਲਈ ਨੋਟੀਫਿਕੇਸ਼ਨ ਜਾਰੀ ਕਰ ਦਿੱਤਾ ਗਿਆ ਹੈ। 'ਆਸ਼ਾ ਵਰਕਰ ਤੇ ਫੈਸਲੀਟੇਟਰ ਯੂਨੀਅਨ' ਨੂੰ ਵਧਾਈ ਦਿੰਦੇ ਹੋਏ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਇਸ ਨਵੇਂ ਨੋਟੀਫਿਕੇਸ਼ਨ ਤਹਿਤ, ਆਸ਼ਾ ਅਤੇ ਆਸ਼ਾ ਫੈਸੀਲੀਟੇਟਰ ਜਣੇਪਾ ਛੁੱਟੀ ਦੌਰਾਨ ਨਿਸ਼ਚਿਤ ਮਾਸਿਕ ਮਾਣਭੱਤਾ ਪ੍ਰਾਪਤ ਕਰਨ ਦੇ ਯੋਗ ਹੋਣਗੇ। ਇਸ ਤੋਂ ਇਲਾਵਾ, 'ਮੈਟਰਨਿਟੀ ਬੈਨੀਫਿਟਸ ਐਕਟ, 1961' ਵਿੱਚ ਭਵਿੱਖ ਵਿੱਚ ਹੋਣ ਵਾਲੀਆਂ ਸਾਰੀਆਂ ਸੋਧਾਂ ਵੀ ਉਨ੍ਹਾਂ 'ਤੇ ਲਾਗੂ ਹੋਣਗੀਆਂ। ਯੂਨੀਅਨ ਨੇ ਇਸ ਲੰਬੇ ਸਮੇਂ ਤੋਂ ਚੱਲੀ ਆ ਰਹੀ ਮੰਗ ਨੂੰ ਸਵੀਕਾਰ ਕਰਨ ਲਈ ਵਿੱਤ ਮੰਤਰੀ ਦਾ ਧੰਨਵਾਦ ਕੀਤਾ। ਇਸ ਦੌਰਾਨ ਵਿੱਤ ਮੰਤਰੀ ਵੱਲੋਂ ਪੰਜਾਬ ਸਕੱਤਰੇਤ ਸਥਿਤ ਆਪਣੇ ਦਫ਼ਤਰ ਵਿਖੇ ਜੰਗਲਾਤ ਵਰਕਰਜ਼ ਯੂਨੀਅਨ, ਆਸ਼ਾ ਵਰਕਰ ਤੇ ਫੈਸੀਲੀਟੇਟਰ ਨਿਰੋਲ ਯੂਨੀਅਨ, ਆਦਰਸ਼ ਸਕੂਲ ਟੀਚਿੰਗ ਨਾਨ-ਟੀਚਿੰਗ ਮੁਲਜ਼ਮ ਯੂਨੀਅਨ, ਈ.ਟੀ.ਟੀ. ਟੀ.ਈ.ਟੀ. ਪਾਸ ਅਧਿਆਪਨ ਐਸੋਸੀਏਸ਼ਨ (ਜੈ ਸਿੰਘ ਵਾਲਾ), ਅਤੇ ਬੇਰੁਜ਼ਗਰ ਪੀ.ਐਸ.ਟੀ.ਈ.ਟੀ. ਪਾਸ ਆਰਟ ਐਂਡ ਕਰਾਫਟ ਸੰਘਰਸ਼ ਯੂਨੀਅਨ ਦੇ ਨੁਮਾਇੰਦਿਆਂ ਨਾਲ ਮੀਟਿੰਗਾਂ ਕੀਤੀਆਂ। ਉਨ੍ਹਾਂ ਇਸ ਮੌਕੇ ਨਿਯਮਾਂ ਅਨੁਸਾਰ ਜਾਇਜ ਮੰਗਾਂ ਦੇ ਜਲਦੀ ਹੱਲ ਲਈ ਸਬੰਧਤ ਅਧਿਕਾਰੀਆਂ ਨਾਲ ਵਿਚਾਰ-ਵਟਾਂਦਰਾ ਵੀ ਕੀਤਾ। ਵਿਚਾਰ-ਵਟਾਂਦਰੇ ਦੌਰਾਨ, ਵਿੱਤ ਮੰਤਰੀ ਚੀਮਾ ਨੇ ਸਬੰਧਤ ਵਿਭਾਗਾਂ ਨੂੰ ਯੂਨੀਅਨ ਆਗੂਆਂ ਦੁਆਰਾ ਉਠਾਈਆਂ ਗਈਆਂ ਜਾਇਜ਼ ਮੰਗਾਂ 'ਤੇ ਤੁਰੰਤ ਕਾਰਵਾਈ ਕਰਨ ਦੇ ਨਿਰਦੇਸ਼ ਦਿੱਤੇ। ਵਿੱਤ ਮੰਤਰੀ ਨੇ ਸਬੰਧਤ ਵਿਭਾਗਾਂ ਨੂੰ ਵਿੱਤ ਵਿਭਾਗ ਨਾਲ ਸਬੰਧਤ ਮੰਗਾਂ ਲਈ ਪ੍ਰਸਤਾਵ ਤਿਆਰ ਕਰਨ ਅਤੇ ਉਨ੍ਹਾਂ ਨੂੰ ਵਿਚਾਰ ਅਤੇ ਜ਼ਰੂਰੀ ਕਾਰਵਾਈ ਲਈ ਤੁਰੰਤ ਵਿੱਤ ਵਿਭਾਗ ਨੂੰ ਭੇਜਣ ਦੇ ਨਿਰਦੇਸ਼ ਵੀ ਦਿੱਤੇ।

# ਪਾਕਿ ਆਪਣੇ ਹੀ ਲੋਕਾਂ 'ਤੇ ਬੰਬਾਰੀ ਅਤੇ ਯੋਜਨਾਬੱਧ ਨਸਲਕੁਸ਼ੀ ਕਰਦਾ ਹੈ: ਭਾਰਤ

## ਸੰਯੁਕਤ ਰਾਸ਼ਟਰ ਵਿੱਚ ਭਾਰਤ ਦਾ ਪਾਕਿਸਤਾਨ ਕਰਾਰਾ ਜਵਾਬ

ਸੰਯੁਕਤ ਰਾਸ਼ਟਰ (ਏਜੰਸੀ)-ਭਾਰਤ ਨੇ ਸੰਯੁਕਤ ਰਾਸ਼ਟਰ ਵਿੱਚ ਔਰਤਾਂ, ਸ਼ਾਂਤੀ ਅਤੇ ਸੁਰੱਖਿਆ ਬਾਰੇ ਇੱਕ ਬਹਿਸ ਦੌਰਾਨ ਪਾਕਿਸਤਾਨ ਦੇ ਖੋਖਲੇ ਦਾਅਵਿਆਂ ਦਾ ਇੱਕ ਵਾਰ ਫਿਰ ਪਰਦਾਫਾਸ਼ ਕੀਤਾ ਹੈ। ਯੂ ਐੱਨ ਐੱਸ ਸੀ (UNSC) ਦੀ ਬਹਿਸ ਵਿੱਚ ਬੋਲਦਿਆਂ ਸੰਯੁਕਤ ਰਾਸ਼ਟਰ ਵਿੱਚ ਭਾਰਤ ਦੇ ਸਥਾਈ ਪ੍ਰਤੀਨਿਧੀ ਪਰਵਥਾਨੇਨੀ ਹਰੀਸ਼ ਨੇ ਪਾਕਿਸਤਾਨ ਨੂੰ ਭਾਰਤ, ਖਾਸ ਕਰਕੇ ਜੰਮੂ ਅਤੇ ਕਸ਼ਮੀਰ ਦੇ ਖ਼ ?ਲਾਫ਼ ਇਸ ਦੀ 'ਭੁਲੇਖੇ ਵਾਲੀ ਬਕਵਾਸ' ਲਈ ਕਰਾਰਾ ਜਵਾਬ ਦਿੱਤਾ। ਰਾਜਦੂਤ ਹਰੀਸ਼ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਪਾਕਿਸਤਾਨ ਨੇ 1971 ਵਿੱਚ 'ਅਪਰੇਸ਼ਨ ਸਰਚਲਾਈਟ' ਕਿਵੇਂ ਚਲਾਇਆ ਸੀ, ਜਿਸ ਵਿੱਚ ਪਾਕਿਸਤਾਨ ਦੀ ਆਪਣੀ ਫ਼ੌਜ ਵੱਲੋਂ 4,00,000 ਔਰਤ ਨਾਗਰਿਕਾਂ ਨਾਲ ਨਸਲਕੁਸ਼ੀ ਭਰਿਆ ਸਮੂਹਿਕ ਜਬਰ ਜਨਾਹ ਕੀਤਾ ਗਿਆ ਸੀ। ਉਨ੍ਹਾਂ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਦੁਨੀਆ ਪਾਕਿਸਤਾਨ ਦੇ ਪ੍ਰਚਾਰ ਨੂੰ ਚੰਗੀ ਤਰ੍ਹਾਂ ਸਮਝਦੀ ਹੈ ਅਤੇ ਕਿਹਾ ਕਿ ਪਾਕਿਸਤਾਨ ਅਤਿਕਥਨੀ ਰਾਹੀਂ ਦੁਨੀਆ ਦਾ ਧਿਆਨ ਭਟਕਾਉਂਦਾ ਹੈ। ਉਨ੍ਹਾਂ ਕਿਹਾ, ÷ ਬਦਕਿਸਮਤੀ ਨਾਲ ਹਰ ਸਾਲ ਅਸੀਂ ਆਪਣੇ ਦੇਸ਼, ਖਾਸ ਕਰਕੇ ਜੰਮੂ ਅਤੇ ਕਸ਼ਮੀਰ ਦੇ ਖ਼ ?ਲਾਫ਼ ਪਾਕਿਸਤਾਨ ਦੀ ਭੁਲੇਖੇ ਵਾਲੀ ਬਕਵਾਸ ਸੁਣਨ ਲਈ ਮਜਬੂਰ ਹੁੰਦੇ ਹਾਂ। ਔਰਤਾਂ, ਸ਼ਾਂਤੀ ਅਤੇ ਸੁਰੱਖਿਆ ਏਜੰਡੇ 'ਤੇ ਸਾਡਾ ਮੋਹਰੀ ਰਿਕਾਰਡ ਨਿਰਦੋਸ਼ ਅਤੇ ਬੇਦਾਗ਼ ਹੈ।" ਭਾਰਤ ਦਾ ਜਵਾਬ ਸੰਯੁਕਤ ਰਾਸ਼ਟਰ ਵਿੱਚ ਪਾਕਿਸਤਾਨ ਦੇ ਸਥਾਈ ਮਿਸ਼ਨ ਦੀ ਕੌਂਸਲਰ ਸਾਇਮਾ ਸਲੀਮ ਦੀਆਂ ਟਿੱਪਣੀਆਂ 'ਤੇ ਆਇਆ ਹੈ। ਔਰਤਾਂ, ਸ਼ਾਂਤੀ ਅਤੇ ਸੁਰੱਖਿਆ 'ਤੇ ਯੂ ਐੱਨ ਐਸ ਸੀ ਦੀ ਬਹਿਸ ਮਤੇ 1325 ਦੇ 25 ਸਾਲ ਪੂਰੇ ਹੋਣ 'ਤੇ ਆਯੋਜਿਤ ਕੀਤੀ ਗਈ ਸੀ। ਇਹ ਯੂ ਐੱਨ ਮਤਾ ਸਾਲ 2000 ਵਿੱਚ ਅਪਣਾਇਆ ਗਿਆ ਸੀ ਅਤੇ ਔਰਤਾਂ ਅਤੇ ਕੁੜੀਆਂ 'ਤੇ ਹਥਿਆਰਬੰਦ ਸੰਘਰਸ਼ਾਂ ਦੇ ਅਸਮਾਨ ਅਤੇ ਵਿਲੱਖਣ ਪ੍ਰਭਾਵ ਨੂੰ ਦਰਸਾਉਂਦਾ ਹੈ।

# ਤਰੁਨਪ੍ਰੀਤ ਸਿੰਘ ਸੌਂਦ ਵੱਲੋਂ ਪੰਜਾਬ ਦੀ ਪੇਂਡੂ ਪ੍ਰਤਿਭਾ ਅਤੇ ਮਹਿਲਾ ਸਸ਼ਕਤੀਕਰਨ ਨੂੰ ਉਤਸ਼ਾਹਿਤ ਕਰਨ ਲਈ ਪੰਜਾਬ ਸਿਵਲ ਸਕੱਤਰੇਤ ਵਿਖੇ ਪਹਿਲ ਮਾਰਟ ਦਾ ਉਦਘਾਟਨ

ਰਮਨ ਕੁਮਾਰ




ਚੰਡੀਗੜ੍ਹ, ਪੰਜਾਬ ਦੇ ਪਿੰਡਾਂ ਵਿੱਚ ਰਹਿਣ ਵਾਲੀਆਂ ਮਹਿਲਾਵਾਂ ਨੂੰ ਸਸ਼ਕਤ ਬਣਾਉਣ ਅਤੇ ਰਵਾਇਤੀ ਕਾਰੀਗਰੀ ਨੂੰ ਉਤਸ਼ਾਹਿਤ ਕਰਨ ਦੀ ਦਿਸ਼ਾ ਵਿੱਚ ਅਹਿਮ ਕਦਮ ਚੁੱਕਦਿਆਂ, ਪੰਜਾਬ ਰਾਜ ਦਿਹਾਤੀ ਆਜੀਵਿਕਾ ਮਿਸ਼ਨ (ਪੀ.ਐਸ.ਆਰ.ਐਲ.ਐਮ.) ਵੱਲੋਂ ਅੱਜ ÷ਪਹਿਲ ਮਾਰਟ÷ ਦਾ ਉਦਘਾਟਨ ਕੀਤਾ ਗਿਆ ਹੈ। ਇਹ ਮਾਰਟ ਪੰਜਾਬ ਦੇ ਦਿਹਾਤੀ ਖੇਤਰਾਂ ਦੇ ਸਵੈ-ਸਹਾਇਤਾ ਸਮੂਹਾਂ (ਐਸ.ਐਚ.ਜੀ.) ਵੱਲੋਂ ਤਿਆਰ ਦਸਤੀ ਵਸਤਾਂ ਅਤੇ ਔਰਗੈਨਿਕ ਉਤਪਾਦਾਂ ਨੂੰ ਸਮਰਪਿਤ ਇੱਕ ਵਿਸ਼ੇਸ਼ ਬਾਜ਼ਾਰ ਹੈ। ਇਸ ਮਾਰਟ ਦਾ ਉਦਘਾਟਨ ਬੁੱਧਵਾਰ ਨੂੰ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ, ਪੰਜਾਬ ਦੇ ਮੁੱਖ ਸਕੱਤਰ ਕੇ.ਏ.ਪੀ. ਸਿਨਹਾ ਅਤੇ ਪੇਂਡੂ ਵਿਕਾਸ ਅਤੇ ਪੰਚਾਇਤਾਂ ਵਿਭਾਗ ਦੇ ਪ੍ਰਬੰਧਕੀ ਸਕੱਤਰ ਅਜੀਤ ਬਾਲਾਜੀ ਜੋਸ਼ੀ ਵੱਲੋਂ ਪੰਜਾਬ ਸਿਵਲ ਸਕੱਤਰੇਤ, ਸੈਕਟਰ 1, ਚੰਡੀਗੜ੍ਹ ਵਿਖੇ ਕੀਤਾ ਗਿਆ। ਸੂਬੇ ਦੇ ਦਿਹਾਤੀ ਖੇਤਰਾਂ ਦੀ ਕਾਰੀਗਰੀ ਅਤੇ ਉੱਦਮਤਾ ਨੂੰ ਪੇਸ਼ ਕਰਨ ਵਾਲਾ ਇਹ ÷ਪਹਿਲ ਮਾਰਟ÷ ਲੋਕਾਂ ਨੂੰ ਪੰਜਾਬ ਦੀ ਅਮੀਰ ਵਿਰਾਸਤ ਦਾ ਵਿਲੱਖਣ ਅਨੁਭਵ ਪ੍ਰਦਾਨ ਕਰਦਾ ਹੈ ਅਤੇ ਦਿਹਾਤੀ ਕਾਰੀਗਰਾਂ ਦੇ ਸਮਰਪਣ ਅਤੇ ਨਵੀਨਤਾ ਨੂੰ ਦਰਸਾਉਂਦਿਆਂ ਜੈਵਿਕ ਉਤਪਾਦਾਂ ਦੀ ਇੱਕ ਲੜੀ ਪੇਸ਼ ਕਰਦਾ ਹੈ। ਇਸ ਪਹਿਲਕਦਮੀ ਤਹਿਤ ਨਾ ਸਿਰਫ਼ ਸਵੈ-ਸਹਾਇਤਾ ਸਮੂਹਾਂ ਵੱਲੋਂ ਤਿਆਰ ਵਸਤਾਂ ਨੂੰ ਸਿੱਧੇ ਬਾਜ਼ਾਰ ਤੱਕ ਪਹੁੰਚਾਇਆ ਜਾਂਦਾ ਹੈ ਬਲਕਿ ਪੇਂਡੂ ਭਾਈਚਾਰਿਆਂ ਦਰਮਿਆਨ ਸਵੈ-ਨਿਰਭਰਤਾ, ਆਰਥਿਕ ਉੱਨਤੀ ਅਤੇ ਮਹਿਲਾ ਸਸ਼ਕਤੀਕਰਨ ਦੀ ਲਹਿਰ ਪੈਦਾ ਕਰਨ ਲਈ ਤਿਆਰ ਕੀਤਾ ਗਿਆ ਹੈ। ਇਸ ਮਾਰਟ 'ਤੇ ਉਪਲਬਧ ਮੁੱਖ ਉਤਪਾਦਾਂ ਵਿੱਚ ਫੁਲਕਾਰੀ, ਸੂਟ, ਜੁੱਤੀਆਂ, ਸ਼ਹਿਦ, ਅਚਾਰ, ਸਕੁਐਸ਼, ਸਿਰਕਾ, ਤੇਲ, ਮਸਾਲੇ, ਕਣਕ ਦਾ ਆਟਾ, ਪਾਪੜ, ਸਾਬਣ, ਮੁਰੱਬੇ, ਮੋਮਬੱਤੀਆਂ ਆਦਿ ਸ਼ਾਮਲ ਹਨ। ਸੌਂਦ ਨੇ ਮਾਰਟ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਇਹ ਸਵੈ-ਨਿਰਭਰਤਾ, ਪੇਂਡੂ ਵਿਕਾਸ ਅਤੇ ਮਹਿਲਾ ਸਸ਼ਕਤੀਕਰਨ ਵੱਲ ਇੱਕ ਸਾਰਥਕ ਕਦਮ ਹੈ। ਉਨ੍ਹਾਂ ਕਿਹਾ ਕਿ ਪਹਿਲ ਮਾਰਟ ਪੰਜਾਬ ਦੀਆਂ ਪੇਂਡੂ ਔਰਤਾਂ ਦੀ ਰਚਨਾਤਮਕਤਾ ਅਤੇ ਉੱਦਮੀ ਭਾਵਨਾ ਦਾ ਪ੍ਰਤੱਖ ਪ੍ਰਮਾਣ ਹੈ। ਉਨ੍ਹਾਂ ਕਿਹਾ ਕਿ ਇਹ ਮਾਰਟ ਸਵੈ-ਸਹਾਇਤਾ ਸਮੂਹਾਂ ਨੂੰ ਨਵੇਂ ਬਾਜ਼ਾਰਾਂ ਤੱਕ ਲੈ ਜਾਣ ਅਤੇ ਸਥਾਈ ਵਿਕਾਸ ਵਿੱਚ ਅਹਿਮ ਭੂਮਿਕਾ ਨਿਭਾਏਗਾ। ਉਨ੍ਹਾਂ ਆਸ ਪ੍ਰਗਟਾਈ ਕਿ ਇਹ ਮੰਚ ਹੋਰਨਾਂ ਔਰਤਾਂ ਨੂੰ ਸਵੈ-ਰੁਜ਼ਗਾਰ ਅਪਣਾਉਣ ਲਈ ਪ੍ਰੇਰਿਤ ਕਰੇਗਾ ਜਿਸ ਨਾਲ ਭਾਈਚਾਰਕ ਪ੍ਰਗਤੀ ਵਿੱਚ ਵਾਧਾ ਹੋਵੇਗਾ।



# ਦੀਨਾਨਗਰ ਤੋਂ ਕਾਂਗਰਸ ਪਾਰਟੀ ਨੂੰ ਵੱਡਾ ਝਟਕਾ

ਪੰਕਜ

ਆਮ ਆਦਮੀ ਪਾਰਟੀ ਦਾ ਕਾਫਲਾ ਲਗਾਤਾਰ ਵੱਡਾ ਹੁੰਦਾ ਜਾ ਰਿਹਾ ਹੈ। ਅੱਜ ਦੀਨਾਨਗਰ ਦੇ ਪਿੰਡ ਅਬੱਲਖੈਰ ਆਮ ਆਦਮੀ ਪਾਰਟੀ ਨੂੰ ਉਦੋਂ ਹੋਰ ਮਜਬੂਤੀ ਮਿਲੀ ਜਦੋਂ ਪਿੰਡ ਅਬੱਲਖੈਰ ਤੋ ਮੈਂਬਰ ਪੰਚਾਇਤ ਪੰਮਾ,ਮੈਡਮ ਵਿਕਟੋਰੀਆ, ਅਜੈਬ ਸਿੰਘ ਜੀ ਆਪਣੇ ਸਾਥੀਆਂ ਸਮੇਤ ਆਮ ਆਦਮੀ ਪਾਰਟੀ ਚ ਸ਼ਾਮਲ ਹੋਣ ਦਾ ਐਲਾਨ ਕਰ ਦਿੱਤਾ। ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਣ ਵਾਲਿਆਂ ਵਿੱਚ ਸੰਦੀਪ ਗਿੱਲ,ਦੌਲਤ ਗਿੱਲ, ਸੈਮੂਅਲ ਭੱਟੀ,ਨਿਸ਼ਾ, ਜੋਤੀ, ਦਲਬੀਰ ਮਸੀਹ ਅਤੇ ਰਾਹੁਲ ਮੁੱਖ ਤੌਰ ਤੇ ਸ਼ਾਮਲ ਹਨ, ਜਿਨਾਂ ਦਾ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਣ ਤੇ ਹਲਕਾ ਇੰਚਾਰਜ ਸ਼ਮਸ਼ੇਰ ਸਿੰਘ ਵੱਲੋਂ ਸਵਾਗਤ ਕੀਤਾ ਗਿਆ। ਹਲਕਾ ਇੰਚਾਰਜ ਸ਼ਮਸ਼ੇਰ ਸਿੰਘ ਨੇ ਪਾਰਟੀ ਵਿੱਚ ਸ਼ਾਮਲ ਹੋਣ ਵਾਲਿਆਂ ਨੂੰ ਪੂਰੇ ਮਾਣ ਸਨਮਾਨ ਦਾ ਭਰੋਸਾ ਦਿਵਾਉਂਦਿਆਂ ਕਿਹਾ ਕਿ ਆਮ ਆਦਮੀ ਪਾਰਟੀ ਦੀਆਂ ਨੀਤੀਆਂ ਤੋਂ ਪੰਜਾਬ ਦੇ ਸਾਰੇ ਵਰਗ ਪ੍ਰਭਾਵਿਤ ਹਨ, ਪਰ ਨੌਜਵਾਨ ਵਰਗ ਆਮ ਆਦਮੀ ਪਾਰਟੀ ਤੋਂ ਵਿਸ਼ੇਸ਼ ਤੌਰ ਤੇ ਪ੍ਰਭਾਵਿਤ ਹੋਇਆ ਹੈ। ਕਿਉਂਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਨੇ ਸੂਬੇ ਅੰਦਰ ਨੌਜਵਾਨ ਵਰਗ ਨੂੰ ਬਿਨਾਂ ਕਿਸੇ ਸਿਫਾਰਿਸ਼ ਅਤੇ ਭ੍ਰਿਸ਼ਟਾਚਾਰ ਤੋਂ ਨਿਰੋਲ ਯੋਗਤਾ ਦੇ ਅਧਾਰ ਤੇ ਨੌਕਰੀਆਂ ਮੁਹੱਈਆ ਕਰਵਾਈਆਂ ਹਨ। ਨੌਜਵਾਨਾਂ ਨੂੰ ਖੇਡਾਂ ਨਾਲ ਜੋੜਣ ਦੇ ਇਲਾਵਾ ਪੰਜਾਬ ਨੂੰ ਨਸ਼ਾ ਮੁਕਤ ਕਰਨ ਲਈ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਵਿੱਢੀ ਗਈ ਮੁਹਿੰਮ ਤੋਂ ਵੀ ਨੌਜਵਾਨ ਵਰਗ ਕਾਫੀ ਪ੍ਰਭਾਵਿਤ ਹੋਇਆ ਹੈ। ਜਿਸ ਕਾਰਨ ਲੋਕ ਰਵਾਇਤੀ ਪਾਰਟੀਆ ਨੂੰ ਛੱਡ ਕੇ ਆਮ ਆਦਮੀ ਪਾਰਟੀ ਨਾਲ ਜੁੜ ਰਿਹਾ ਹੈ। ਪਾਰਟੀ ਵਿੱਚ ਸ਼ਾਮਲ ਹੋਣ ਵਾਲੇ ਦਲਬੀਰ ਮਸੀਹ ਨੇ ਕਿਹਾ ਕਿ ਉਹਨਾਂ ਨੂੰ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦਾ ਪੰਜਾਬ ਹਿਤੈਸ਼ੀ ਹੋਣਾ ਅਤੇ ਇਮਾਨਦਾਰੀ ਨਾਲ ਪੰਜਾਬ ਲਈ ਕੰਮ ਕਰਨਾ ਚੰਗਾ ਲੱਗਾ ਹੈ। ਦੀਨਾਨਗਰ ਹਲਕੇ ਅੰਦਰ ਹਲਕਾ ਇੰਚਾਰਜ ਸ਼ਮਸ਼ੇਰ ਸਿੰਘ ਦਿਨ ਰਾਤ ਲੋਕਾਂ ਲਈ ਕੰਮ ਕਰ ਰਹੇ ਹਨ, ਜੋ ਕਿ ਬੇਮਿਸਾਲ ਹੈ ਅਤੇ ਇਹੀ ਕਾਰਨ ਹਨ ਉਹਨਾਂ ਦੇ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਣ ਦੇ। ਇਸ ਮੌਕੇ ਬਲਾਕ ਪ੍ਰਧਾਨ ਬਚਿੱਤਰ ਸਿੰਘ,ਬਖਸ਼ੀਸ਼ ਸਿੰਘ ਜੀ ਵੀ ਮੌਕੇ ਤੇ ਮੌਜੂਦ ਸਨ ।

# ਹਲਕਾ ਇੰਚਾਰਜ ਵੱਲੋਂ ਧੋਖੇ ਨਾਲ 'ਆਪ' ਵਿੱਚ ਸ਼ਾਮਲ ਕੀਤੇ ਗਏ ਨੌਜਵਾਨਾਂ ਨੇ ਕਾਂਗਰਸ 'ਚ ਕੀਤੀ ਘਰ ਵਾਪਸੀ

## ਨੌਜਵਾਨਾਂ ਨੇ ਕਿਹਾ 'ਕਿਸੇ ਹੋਰ ਬਹਾਨੇ ਬੁਲਾ ਕੇ ਗਲੇ ਵਿੱਚ ਪਾ ਦਿੱਤੇ ਗਏ ਸਿਰੋਪੇ'

ਦੀਨਾਨਗਰ, (ਸੋਨੂ. ਰਵਿੰਦਰ ਸਿੰਘ) -ਪਿੰਡ ਸਿੰਘੋਵਾਲ ਅਤੇ ਈਸੇਪੁਰ ਦੇ ਦੋ ਨੌਜਵਾਨਾਂ ਨੇ ਕਾਂਗਰਸ ਪਾਰਟੀ ਵਿੱਚ ਘਰ ਵਾਪਸੀ ਕਰਦਿਆਂ 'ਆਪ' ਪਾਰਟੀ ਦੇ ਹਲਕਾ ਇੰਚਾਰਜ ਸ਼ਮਸ਼ੇਰ ਸਿੰਘ ਉੱਤੇ ਉਨ੍ਹਾਂ ਨੂੰ ਧੋਖੇ ਨਾਲ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਕਰਨ ਦੇ ਇਲਜ਼ਾਮ ਲਗਾਏ ਹਨ। ਹੈਪੀ ਫਾਈਨਾਂਸਰ ਅਤੇ ਅਮਿਤ ਬਿੱਲਾ ਨਾਮਕ ਨੌਜਵਾਨਾਂ ਨੇ ਵਿਧਾਇਕਾ ਅਰੁਣਾ ਚੌਧਰੀ ਦੇ ਘਰ ਪਹੁੰਚ ਕੇ ਦੱਸਿਆ ਕਿ 'ਆਪ' ਦੇ ਪ੍ਰੋਗਰਾਮ ਵਿੱਚ ਜਾਣ ਦਾ ਮਕਸਦ ਆਮ ਆਦਮੀ ਪਾਰਟੀ 'ਚ ਸ਼ਾਮਲ ਹੋਣਾ ਨਹੀਂ ਸੀ ਬਲਕਿ ਉਨ੍ਹਾਂ ਨੂੰ ਕਿਸੇ ਹੋਰ ਬਹਾਨੇ ਬੁਲਾਇਆ ਗਿਆ ਸੀ ਅਤੇ ਜਦੋਂ ਉਹ ਉੱਥੇ ਪਹੁੰਚੇ ਤਾਂ 'ਆਪ' ਦੇ ਹਲਕਾ ਇੰਚਾਰਜ ਨੇ ਉਨ੍ਹਾਂ ਦੇ ਗਲੇ ਵਿੱਚ ਸਿਰੋਪੇ ਪਾ ਦਿੱਤੇ। ਉਨ੍ਹਾਂ ਕਿਹਾ ਕਿ ਸਾਡੇ ਬਜ਼ੁਰਗ ਸ਼ੁਰੂ ਤੋਂ ਕਾਂਗਰਸ ਪਾਰਟੀ ਨਾਲ ਜੁੜੇ ਰਹੇ ਹਨ ਅਤੇ ਅੱਗੋਂ ਅਸੀਂ ਵੀ ਕਾਂਗਰਸ ਦੇ ਨਾਲ ਹਾਂ। ਇਸ ਬਾਰੇ ਕਾਂਗਰਸ ਕਮੇਟੀ ਦੇ ਸਾਬਕਾ ਜ਼ਿਲ੍ਹਾ ਪ੍ਰਧਾਨ ਅਸ਼ੋਕ ਚੌਧਰੀ ਨੇ ਕਿਹਾ ਕਿ ਅਜਿਹੀਆਂ ਕੋਝੀਆਂ ਚਾਲਾਂ ਨਾਲ ਚੋਣਾਂ ਨਹੀਂ ਜਿੱਤੀਆਂ ਜਾਂਦੀਆਂ ਬਲਕਿ ਕਾਮਯਾਬ ਹੋਣ ਲਈ ਲੋਕਾਂ ਵਿੱਚ ਵਿਚਰ ਕੇ ਉਨ੍ਹਾਂ ਦੇ ਕੰਮ ਕਰਨੇ ਪੈਂਦੇ ਹਨ ਅਤੇ ਜਨਤਾ ਦਾ ਭਰੋਸਾ ਤੇ ਦਿਲ ਜਿੱਤਣਾ ਪੈਂਦਾ ਹੈ। ਉਨ੍ਹਾਂ ਕਿਹਾ ਕਿ ਅਸਲੀਅਤ ਵਿੱਚ ਇਹ ਸਭ ਕਾਰਾ ਇੱਕ ਅਜਿਹੇ ਪੁਰਾਣੇ ਕਾਂਗਰਸੀ ਪਰਿਵਾਰ ਦਾ ਹੈ, ਜਿਸਦੇ ਇੱਕ ਮੈਂਬਰ ਨੂੰ ਉਨ੍ਹਾਂ ਕਾਂਗਰਸ ਦੀ ਟਿਕਟ 'ਤੇ ਚੋਣ ਲੜਾ ਕੇ ਕੌਂਸਲਰ ਬਣਾਇਆ ਅਤੇ ਫਿਰ ਨਗਰ ਕੌਂਸਲ ਦੀਨਾਨਗਰ ਦਾ ਵਾਈਸ ਪ੍ਰਧਾਨ ਬਣਾ ਕੇ ਮਾਣ ਬਖ਼ਸ਼ਿਆ ਪਰ ਜੇਕਰ ਐਨੇ ਅਹੁਦੇ ਲੈ ਕੇ ਵੀ ਇਨ੍ਹਾਂ ਨੇ ਕਾਂਗਰਸ ਪਾਰਟੀ ਨਾਲ ਵਫ਼ਾਦਾਰੀ ਦੀ ਬਜਾਏ ਗੱਦਾਰੀ ਹੀ ਕਰਨੀ ਹੈ ਤਾਂ ਫਿਰ ਅਜਿਹੇ ਲੋਕ ਦੂਰ ਦੂਰ ਹੀ ਚੰਗੇ ਹਨ। ਉਨ੍ਹਾਂ ਕਿਹਾ ਕਿ ਅਸਲੀਅਤ ਵਿੱਚ ਅਜਿਹੇ ਲੋਕ ਮੌਕਾਪ੍ਰਸਤ ਹੁੰਦੇ ਹਨ, ਜੋ ਕਿਸੇ ਦੇ ਵਫ਼ਾਦਾਰ ਨਹੀਂ ਹੋ ਸਕਦੇ। ਅਸ਼ੋਕ ਚੌਧਰੀ ਨੇ ਕਿਹਾ ਕਿ ਇੰਝ ਜ਼ਬਰਦਸਤੀ ਕਿਸੇ ਨੂੰ ਪਾਰਟੀ ਵਿੱਚ ਸ਼ਾਮਲ ਕਰਨਾ ਠੀਕ ਨਹੀਂ ਹੈ। ਉਨ੍ਹਾਂ ਕਿਹਾ ਕਿ ਸਿਆਸਤ ਵਿੱਚ ਸਾਡੀ ਐਨੀ ਲੰਬੀ ਪਾਰੀ ਦਾ ਮੁੱਖ ਕਾਰਨ ਹਲਕੇ ਦੀ ਜਨਤਾ ਦਾ ਵਿਸ਼ਵਾਸ ਜਿੱਤਣਾ ਹੈ। ਉਨ੍ਹਾਂ ਦਾਅਵਾ ਕੀਤਾ ਕਿ ਚੰਗੇ ਲੋਕ ਅੱਜ ਵੀ ਚੱਟਾਨ ਵਾਂਗ ਸਾਡੇ ਨਾਲ ਖੜ੍ਹੇ ਹਨ। ਉਨ੍ਹਾਂ ਇਹ ਵੀ ਕਿਹਾ ਕਿ ਜਿਹੜੇ ਹੋਰ ਲੋਕ 'ਆਪ' ਵਿੱਚ ਗਏ ਹਨ, ਉਹ ਵਾਪਸੀ ਲਈ ਅਪਰੋਚ ਕਰ ਰਹੇ ਹਨ। ਇਸ ਮੌਕੇ ਸਾਬਕਾ ਰਾਜ ਮੰਤਰੀ ਰਮਨ ਭੱਲਾ ਪਠਾਨਕੋਟ, ਜ਼ਿਲ੍ਹਾ ਪਲੈਨਿੰਗ ਬੋਰਡ ਪਠਾਨਕੋਟ ਦੇ ਚੇਅਰਮੈਨ ਅਨਿਲ ਦਾਰਾ, ਬਲਾਕ ਦੀਨਾਨਗਰ ਦੇ ਯੂਥ ਪ੍ਰਧਾਨ ਰੰਮੀ ਠਾਕੁਰ, ਐਸਸੀ ਚੇਅਰਮੈਨ ਜਿੰਮੀ ਬਰਾੜ, ਕਮਲ ਸਿੰਘੋਵਾਲ, ਸਾਬਕਾ ਸਰਪੰਚ ਸੰਨੀ ਪੰਡੋਰੀ ਅਤੇ ਲਵਲੀ ਸਾਹੋਵਾਲ ਵੀ ਮੌਜੂਦ ਸਨ।





# ਪੰਜਾਬ ਸਰਕਾਰ ਵੱਲੋਂ ਬਲੱਡ ਡੋਨਰਜ਼ ਸੁਸਾਇਟੀ ਗੁਰਦਾਸਪੁਰ ਨੂੰ ਲਗਾਤਾਰ ਪੰਜਵੀਂ ਵਾਰ ਮਿਲਿਆ ਸਟੇਟ ਅਵਾਰਡ

ਸੋਨੂ

ਗੁਰਦਾਸਪੁਰ, ਖੂਨ ਦਾਨ ਅਤੇ ਸਮਾਜ ਸੇਵਾ ਦੇ ਖੇਤਰ ਵਿੱਚ ਪਿੱਛਲੇ ਲੰਬੇ ਸਮੇਂ ਤੋਂ ਵਧੀਆ ਸੇਵਾਵਾਂ ਨਿਭਾਉਣ ਤੇ ਬਲੱਡ ਡੋਨਰਜ਼ ਸੁਸਾਇਟੀ ਗੁਰਦਾਸਪੁਰ ਅਤੇ ਸਮਾਜਿਕ ਗਤੀਵਿਧੀਆਂ ਸੇਵਾ ਸੋਸਾਇਟੀ ਕਲਾਨੌਰ ਨੂੰ ਸਵੈ -ਇਛਕ ਖੂਨਦਾਨ ਦਿਵਸ ਮੌਕੇ ਤੇ ਰਾਜ ਪਧਰੀ ਸਮਾਗਮ ਵਿੱਚ ਪੰਜਾਬ ਦੇ ਸਿਹਤ ਮੰਤਰੀ ਡਾਕਟਰ ਬਲਵੀਰ ਸਿੰਘ ਵੱਲੋਂ ਸਨਮਾਨਿਤ ਕੀਤਾ ਗਿਆ। ਇਹ ਸਨਮਾਨ ਬਲੱਡ ਡੋਨਰਜ਼ ਸੁਸਾਇਟੀ ਗੁਰਦਾਸਪੁਰ ਦੇ ਪ੍ਰਧਾਨ ਆਦਰਸ਼ ਕੁਮਾਰ ਅਤੇ ਸਮੁੱਚੀ ਟੀਮ ਨੇ ਸਿਹਤ ਮੰਤਰੀ ਡਾਕਟਰ ਬਲਵੀਰ ਸਿੰਘ ਜੀ ਵੱਲੋਂ ਪ੍ਰਾਪਤ ਕੀਤਾ। ਬਲੱਡ ਡੋਨਰਜ਼ ਸੋਸਾਇਟੀ ਦੇ ਪ੍ਰਧਾਨ ਆਦਰਸ਼ ਕੁਮਾਰ ਨੇ ਦੱਸਿਆ ਕੀ ਲਗਾਤਾਰ ਪੰਜਵੀਂ ਵਾਰ ਬਲੱਡ ਡੋਨਰਜ਼ ਸੋਸਾਇਟੀ ਗੁਰਦਾਸਪੁਰ ਅਤੇ ਸਮਾਜਿਕ ਗਤੀਵਿਧੀਆਂ ਸੇਵਾ ਸੋਸਾਇਟੀ ਕਲਾਨੌਰ ਸਟੇਟ ਲੈਵਲ ਤੇ ਸਨਮਾਨਿਤ ਹੋਈ ਹੈ ਅਤੇ ਇਹ ਸਨਮਾਨ ਪੂਰੇ ਗੁਰਦਾਸਪੁਰ ਵਾਸੀਆਂ ਨੂੰ ਸਮਰਪਿਤ ਕੀਤਾ ਜਾਂਦਾ ਹੈ। ਸੰਸਥਾਪਕ ਰਜੇਸ਼ ਬੱਬੀ ਨੇ ਦੱਸਿਆ ਕਿ ਇਹ ਸਨਮਾਨ ਸਮਾਰੋਹ ਦੇ ਵਿੱਚ ਅਵਤਾਰ ਸਿੰਘ ਘੁੰਮਣ ਅਤੇ ਉਹਨਾਂ ਦੀ ਪਤਨੀ ਰਾਜਵਿੰਦਰ ਕੌਰ, ਮਧੂ ਸੂਦਨ ਸ਼ਰਮਾ ਅਤੇ ਉਨਾਂ ਦੀ ਪਤਨੀ ਭੂਮੀ ਨੂੰ ਵੀ ਖੂਨਦਾਨ ਦੇ ਖੇਤਰ ਵਿੱਚ ਵਧੀਆ ਸੇਵਾਵਾਂ ਨਿਭਾਉਣ ਲਈ ਸਨਮਾਨਿਤ ਕੀਤਾ ਗਿਆ ਉਹਨਾਂ ਨੇ ਦੱਸਿਆ ਕਿ ਟੀਮ ਦੇ ਮੈਂਬਰ ਹਰਪ੍ਰੀਤ ਸਿੰਘ ਮਾਨ ਨੂੰ ਵੀ ਯੂਥ ਆਈਕਨ ਸਟੇਟ ਅਵਾਰਡ ਨਾਲ ਸਨਮਾਨਿਤ ਕੀਤਾ ਗਿਆ।




# ਸੰਤ-ਮਹਾਪੁਰਸ਼ ਸਮਾਜ ਨੂੰ ਸਦਭਾਵਨਾ ਤੇ ਸੇਵਾ ਦਾ ਸੰਦੇਸ਼ ਦਿੰਦੇ ਹਨ : ਡਾ. ਰਵਜੋਤ ਸਿੰਘ

ਮਨਦੀਪ ਕੌਰ

ਹੁਸ਼ਿਆਰਪੁਰ, : ਪੰਜਾਬ ਦੇ ਸਥਾਨਕ ਸਰਕਾਰਾਂ ਮੰਤਰੀ ਡਾ. ਰਵਜੋਤ ਸਿੰਘ ਨੇ ਸੰਤ ਬਾਬਾ ਸ਼ਾਮ ਸਿੰਘ ਬੈਂਸਤਾਨੀ ਵਾਲਿਆਂ ਤੀਜੀ ਬਰਸੀ ਮੌਕੇ ਹੋਏ ਸਮਾਗਮ ਵਿਚ ਹਾਜ਼ਰੀ ਲਗਾਈ। ਇਸ ਮੌਕੇ ਉਨ੍ਹਾਂ ਗੁਰੂ ਮਹਾਰਾਜ ਜੀ ਦਾ ਅਸ਼ੀਰਵਾਦ ਪ੍ਰਾਪਤ ਕੀਤਾ ਅਤੇ ਕਿਹਾ ਕਿ ਅਜਿਹੇ ਮਹਾਪੁਰਖਾਂ ਦੀਆਂ ਸਿੱਖਿਆਵਾਂ ਸਮਾਜ ਨੂੰ ਏਕਤਾ, ਪਿਆਰ ਅਤੇ ਸੇਵਾ ਦਾ ਮਾਰਗ ਦਿਖਾਉਂਦੀਆਂ ਹਨ। ਡਾ. ਰਵਜੋਤ ਸਿੰਘ ਨੇ ਕਿਹਾ ਕਿ ਸੰਤ- ਮਹਾਪੁਰਸ਼ ਹਮੇਸ਼ਾ ਮਨੁੱਖਤਾ ਦੀ ਭਲਾਈ ਲਈ ਕੰਮ ਕਰਦੇ ਹਨ ਅਤੇ ਉਨ੍ਹਾਂ ਦੁਆਰਾ ਦਿੱਤੀਆਂ ਗਈਆਂ ਸਿੱਖਿਆਵਾਂ ਸਮਾਜ ਨੂੰ ਬਿਹਤਰ ਸੇਧ ਪ੍ਰਦਾਨ ਕਰਦੀਆਂ ਹਨ। ਉਨ੍ਹਾਂ ਕਿਹਾ ਕਿ ਸੰਤ ਬਾਬਾ ਸ਼ਾਮ ਸਿੰਘ ਜੀ ਦਾ ਜੀਵਨ ਕੁਰਬਾਨੀ, ਨਿਮਰਤਾ ਅਤੇ ਸੇਵਾ ਦਾ ਪ੍ਰਤੀਕ ਰਿਹਾ ਹੈ, ਜਿਨ੍ਹਾਂ ਦੀ ਯਾਦ ਅੱਜ ਵੀ ਲੋਕਾਂ ਦੇ ਦਿਲਾਂ ਵਿਚ ਵਸਦੀ ਹੈ। ਇਸ ਮੌਕੇ ਸਰਪੰਚ ਸੰਤੋਸ਼ ਸਿੰਘ, ਨੰਬਰਦਾਰ ਅਵਤਾਰ ਸਿੰਘ, ਸੁਰਿੰਦਰ ਸਿੰਘ, ਗੁਰਦੀਪ ਸਿੰਘ, ਸਰਪੰਚ ਪਰਵਿੰਦਰ ਸਿੰਘ ਸੱਜਣਾ, ਅਮਰਤੇਜ ਸਿੰਘ, ਗੁਰਪਾਲ ਸਿੰਘ ਸਮੇਤ ਵੱਡੀ ਗਿਣਤੀ ਵਿਚ ਸੰਗਤ ਨੇ ਸ਼ਿਰਕਤ ਕੀਤੀ ਅਤੇ ਮਹਾਪੁਰਖਾਂ ਦੇ ਦਰਸਾਏ ਮਾਰਗ 'ਤੇ ਚੱਲਣ ਦਾ ਪ੍ਰਣ ਲਿਆ।

**ਸਥਾਨਕ ਸਰਕਾਰਾਂ ਮੰਤਰੀ ਨੇ ਸੰਤ ਬਾਬਾ ਸ਼ਾਮ ਸਿੰਘ ਬੈਂਸਤਾਨੀ ਵਾਲਿਆਂ ਦੇ ਬਰਸੀ ਸਮਾਗਮ 'ਚ ਲਗਾਈ ਹਾਜ਼ਰੀ**



# ਗੁਰੂ ਤੇਗ ਬਹਾਦਰ ਸਾਹਿਬ ਦੇ 350ਵੇਂ ਸ਼ਹੀਦੀ ਦਿਹਾੜੇ ਦੀਆਂ ਤਿਆਰੀਆਂ ਸਬੰਧੀ ਮੁੱਖ ਮੰਤਰੀ ਵੱਲੋਂ ਸਿੱਖ ਸੰਤਾਂ, ਮਹਾਂਪੁਰਸ਼ਾਂ ਤੇ ਵਿਦਵਾਨਾਂ ਨਾਲ ਮੀਟਿੰਗ

ਐਸ. ਕੇ. ਸਕਸੈਨਾ

ਚੰਡੀਗੜ੍ਹ, ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਕਿਹਾ ਕਿ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸ਼ਹੀਦੀ ਦਿਹਾੜੇ ਨੂੰ ਕੌਮੀ ਪੱਧਰ 'ਤੇ ਮਨੁੱਖੀ ਅਧਿਕਾਰ ਦਿਵਸ ਵਜੋਂ ਮਨਾਉਣ ਲਈ ਸੂਬਾ ਸਰਕਾਰ ਇਸ ਮਾਮਲੇ ਨੂੰ ਭਾਰਤ ਸਰਕਾਰ ਕੋਲ ਉਠਾਏਗੀ। ਅੱਜ ਇੱਥੇ ਸੰਤ ਸਮਾਜ ਦੀਆਂ ਉੱਘੀਆਂ ਸ਼ਖਸੀਅਤਾਂ ਨਾਲ ਵਿਚਾਰ-ਚਰਚਾ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਸ਼ਹੀਦੀ ਦਿਹਾੜੇ ਨੂੰ ਕੌਮੀ ਪੱਧਰ ਉਤੇ ਮਨੁੱਖੀ ਅਧਿਕਾਰ ਦਿਵਸ ਵਜੋਂ ਮਨਾਇਆ ਜਾਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਇਸ ਨਾਲ ਦੇਸ਼ ਭਰ ਵਿੱਚ ਧਰਮ ਨਿਰਪੱਖਤਾ, ਫਿਰਕੂ ਸਦਭਾਵਨਾ ਅਤੇ ਭਾਈਚਾਰਕ ਸਾਂਝ ਨੂੰ ਹੋਰ ਮਜ਼ਬੂਤ ਕੀਤਾ ਜਾ ਸਕੇਗਾ। ਉਨ੍ਹਾਂ ਕਿਹਾ ਕਿ ਨੌਵੇਂ ਪਾਤਸ਼ਾਹ ਸਾਂਝੀਵਾਲਤਾ ਅਤੇ ਧਰਮ ਨਿਰਪੱਖਤਾ ਦੇ ਮੁਦਈ ਸਨ ਅਤੇ ਉਨ੍ਹਾਂ ਨੇ ਦੇਸ਼ ਵਿੱਚ ਮਨੁੱਖੀ ਹੱਕਾਂ ਦੀ ਰਾਖੀ ਲਈ ਆਪਣਾ ਜੀਵਨ ਕੁਰਬਾਨ ਕਰ ਦਿੱਤਾ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਸ਼ਹੀਦੀ ਦਿਹਾੜਾ ਮਨੁੱਖੀ ਅਧਿਕਾਰ ਦਿਵਸ ਵਜੋਂ ਮਨਾਉਣ ਨਾਲ ਜਿੱਥੇ ਮਹਾਨ ਗੁਰੂ ਸਾਹਿਬ ਜੀ ਨੂੰ ਨਿਮਾਣੀ ਸ਼ਰਧਾਂਜਲੀ ਹੋਵੇਗੀ, ਉਥੇ ਹੀ ਲੋਕਾਂ ਦਰਮਿਆਨ ਆਪਸੀ ਸਾਂਝ ਹੋਰ ਮਜ਼ਬੂਤ ਹੋਵੇਗੀ ਕਿਉਂਕਿ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਜੀਵਨ ਅਤੇ ਫਲਸਫਾ ਸਮੁੱਚੀ ਮਨੁੱਖਤਾ ਲਈ ਚਾਨਣ ਮੁਨਾਰਾ ਹੈ। ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਸਰਕਾਰ, ਗੁਰੂ ਸਾਹਿਬ ਜੀ ਦੇ ਦਿੱਲੀ ਜਾਂਦੇ ਸਮੇਂ ਅਪਣਾਏ ਰਾਹ ਦੇ ਪੰਜਾਬ ਵਿਚਲੇ ਹਿੱਸੇ ਦਾ ਨਿਰਮਾਣ ਸ੍ਰੀ ਗੁਰੂ ਤੇਗ ਬਹਾਦਰ ਮਾਰਗ ਵਜੋਂ ਕਰਨ ਦੀ ਸੰਭਾਵਨਾ ਤਲਾਸ਼ੇਗੀ। ਉਨ੍ਹਾਂ ਕਿਹਾ ਕਿ ਪੰਜਾਬ ਲੋਕ ਨਿਰਮਾਣ ਅਤੇ ਪੰਜਾਬ ਮੰਡੀ ਬੋਰਡ ਵੱਲੋਂ ਇਸ ਮਾਰਗ ਦੇ ਨਿਰਮਾਣ ਲਈ ਖਾਕਾ ਤਿਆਰ ਕੀਤਾ ਜਾਵੇਗਾ, ਜੋ ਸਹੀ ਮਾਅਨਿਆਂ ਵਿੱਚ ਗੁਰੂ ਸਾਹਿਬ ਜੀ ਪ੍ਰਤੀ ਸ਼ਰਧਾ ਤੇ ਸਤਿਕਾਰ ਲਈ ਨਿਮਾਣਾ ਜਿਹਾ ਉਪਰਾਲਾ ਹੋਵੇਗਾ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪੰਜਾਬ ਸਰਕਾਰ ਇਸ ਮਾਰਗ ਨੂੰ ਦਿੱਲੀ ਵਿੱਚ ਗੁਰਦੁਆਰਾ ਸੀਸ ਗੰਜ ਸਾਹਿਬ ਤੱਕ ਲੈ ਜਾਣ ਲਈ ਕੇਂਦਰ ਸਰਕਾਰ ਕੋਲ ਮਾਮਲਾ ਉਠਾਏਗੀ।

**ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਸ਼ਹੀਦੀ ਦਿਹਾੜਾ ਕੌਮੀ ਪੱਧਰ 'ਤੇ ਮਨੁੱਖੀ ਅਧਿਕਾਰ ਦਿਵਸ ਵਜੋਂ ਮਨਾਇਆ ਜਾਵੇ- ਮੁੱਖ ਮੰਤਰੀ ਵੱਲੋਂ ਭਾਰਤ ਸਰਕਾਰ ਪਾਸੋਂ ਮੰਗ**

# ਪੰਜਾਬ ਸਰਕਾਰ ਵੱਲੋਂ ਇਹਨਾਂ ਤਿੰਨ ਹੈਲਥ ਐਂਡ ਵੈਲਨੈਸ ਸੈਂਟਰਾਂ ਉਪਰ 1.05 ਕਰੋੜ ਰੁਪਏ ਖਰਚੇ ਜਾਣਗੇ

## ਸਿਹਤ ਕ੍ਰਾਂਤੀ ਤਹਿਤ ਵਿਧਾਨ ਸਭਾ ਹਲਕਾ ਗੁਰਦਾਸਪੁਰ ਵਿੱਚ ਲੋਕਾਂ ਨੂੰ ਮਿਆਰੀ ਸਿਹਤ ਸੇਵਾਵਾਂ ਦੇਣ ਦੇ ਉਪਰਾਲੇ ਜਾਰੀ - ਰਮਨ ਬਹਿਲ

ਰਵਿੰਦਰ

ਗੁਰਦਾਸਪੁਰ, - ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਅਤੇ ਗੁਰਦਾਸਪੁਰ ਤੋਂ ਹਲਕਾ ਇੰਚਾਰਜ ਸ੍ਰੀ ਰਮਨ ਬਹਿਲ ਵੱਲੋਂ ਅੱਜ ਹਲਕੇ ਦੇ ਪਿੰਡ ਹੇਮਰਾਜਪੁਰ ਹਯਾਤ ਨਗਰ ਅਤੇ ਸਾਧੂਚੱਕ ਵਿਖੇ ਨਵੇਂ ਬਣਨ ਵਾਲੇ ਹੈਲਥ ਐਂਡ ਵੈਲਨੈਸ ਸੈਂਟਰਾਂ ਦਾ ਨੀਂਹ ਪੱਥਰ ਰੱਖਿਆ ਗਿਆ। ਇਹਨਾਂ ਤਿੰਨ ਹੈਲਥ ਐਂਡ ਵੈਲਨੈਸ ਸੈਂਟਰਾਂ ਉਪਰ ਪੰਜਾਬ ਸਰਕਾਰ ਵੱਲੋਂ 1.05 ਕਰੋੜ ਰੁਪਏ ਖਰਚ ਕੀਤੇ ਜਾਣਗੇ। ਹੈਲਥ ਐਂਡ ਵੈਲਨੈਸ ਸੈਂਟਰਾਂ ਦੇ ਨੀਂਹ ਪੱਥਰ ਰੱਖਣ ਮੌਕੇ ਸ੍ਰੀ ਰਮਨ ਬਹਿਲ ਨੇ ਕਿਹਾ ਕਿ ਸਿਹਤ ਸ਼ੁਰੂ ਤੋਂ ਹੀ ਪੰਜਾਬ ਸਰਕਾਰ ਦਾ ਤਰਜੀਹੀ ਖੇਤਰ ਰਿਹਾ ਹੈ ਅਤੇ ਸਿਹਤ ਕ੍ਰਾਂਤੀ ਜਰੀਏ ਭਗਵੰਤ ਮਾਨ ਸਰਕਾਰ ਨੇ ਸਿਹਤ ਖੇਤਰ ਵਿੱਚ ਬਹੁਤ ਵੱਡੇ ਕ੍ਰਾਂਤੀਕਾਰੀ ਸੁਧਾਰ ਕੀਤੇ ਹਨ। ਉਹਨਾਂ ਕਿਹਾ ਕਿ ਜਿੱਥੇ ਸਰਕਾਰੀ ਹਸਪਤਾਲਾਂ ਅਤੇ ਹੋਰ ਸਿਹਤ ਸੰਸਥਾਵਾਂ ਵਿੱਚ ਬੁਨਿਆਦੀ ਢਾਂਚੇ ਦਾ ਵਿਕਾਸ ਕੀਤਾ ਗਿਆ ਹੈ ਉੱਥੇ ਪਿੰਡਾਂ ਅਤੇ ਸ਼ਹਿਰਾਂ ਦੇ ਮੁਹੱਲਿਆਂ ਵਿੱਚ ਆਮ ਆਦਮੀ ਕਲੀਨਿਕ ਖੋਲ ਕੇ ਲੋਕਾਂ ਨੂੰ ਉਹਨਾਂ ਦੇ ਘਰ ਦੇ ਨੇੜੇ ਮਿਆਰੀ ਅਤੇ ਮੁਫਤ ਸਿਹਤ ਸੇਵਾਵਾਂ ਦੇਣ ਦਾ ਵੱਡਾ ਕਾਰਜ ਕੀਤਾ ਗਿਆ ਹੈ। ਉਹਨਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਬਣਾਏ ਜਾ ਰਹੇ ਇਹ ਨਵੇਂ ਹੈਲਥ ਐਂਡ ਵੈਲਨੈਸ ਸੈਂਟਰ ਵੀ ਲੋਕਾਂ ਨੂੰ ਮਿਆਰੀ ਸੇਧ ਸੇਵਾਵਾਂ ਦੇਣ ਵਿੱਚ ਆਪਣਾ ਵੱਡਾ ਯੋਗਦਾਨ ਪਾਉਣਗੇ। ਵਿਧਾਨ ਸਭਾ ਹਲਕਾ ਗੁਰਦਾਸਪੁਰ ਦੀ ਗੱਲ ਕਰਦਿਆਂ ਸ੍ਰੀ ਰਮਨ ਬਹਿਲ ਨੇ ਕਿਹਾ ਕਿ ਉਹਨਾਂ ਵੱਲੋਂ ਗੁਰਦਾਸਪੁਰ ਹਲਕੇ ਲਈ ਸਿਹਤ ਸੇਵਾਵਾਂ ਦੇ ਖੇਤਰ ਵਿੱਚ ਕਰੋੜਾਂ ਰੁਪਏ ਦੇ ਪ੍ਰੋਜੈਕਟ ਲਿਆਂਦੇ ਗਏ ਹਨ, ਜਿਸ ਨਾਲ ਜ਼ਿਲਾ ਹਸਪਤਾਲ ਬੱਬਰੀ ਗੁਰਦਾਸਪੁਰ ਦੀ ਕਾਇਆ ਕਲਪ ਹੋ ਗਈ ਹੈ। ਉਹਨਾਂ ਕਿਹਾ ਕਿ ਬੰਦ ਪਏ ਪੁਰਾਣੇ ਸਿਵਲ ਹਸਪਤਾਲ ਦੇ ਸ਼ੁਰੂ ਹੋਣ ਨਾਲ ਗੁਰਦਾਸਪੁਰ ਸ਼ਹਿਰ ਵਾਸੀਆਂ ਨੂੰ ਵੀ ਵੱਡੀ ਸਹੂਲਤ ਮਿਲੀ ਹੈ। ਇਸ ਤੋਂ ਇਲਾਵਾ ਹਲਕੇ ਦੇ ਵੱਖ-ਵੱਖ ਪਿੰਡਾਂ ਵਿੱਚ ਆਮ ਆਦਮੀ ਕਲੀਨਿਕ ਵੀ ਆਪਣੀਆਂ ਵੱਡੀਆਂ ਸੇਵਾਵਾਂ ਨਿਭਾ ਰਹੇ ਹਨ। ਸ੍ਰੀ ਰਮਨ ਬਹਿਲ ਨੇ ਕਿਹਾ ਕਿ ਉਹਨਾਂ ਨੇ ਹਮੇਸ਼ਾ ਹੀ ਵਿਕਾਸ ਦੀ ਰਾਜਨੀਤੀ ਕੀਤੀ ਹੈ ਅਤੇ ਵਿਧਾਨ ਸਭਾ ਹਲਕਾ ਗੁਰਦਾਸਪੁਰ ਦੇ ਸਰਬਪੱਖੀ ਵਿਕਾਸ ਲਈ ਉਹਨਾਂ ਦੇ ਯਤਨ ਨਿਰੰਤਰ ਜਾਰੀ ਹਨ। ਇਸ ਮੌਕੇ ਉਹਨਾਂ ਨਾਲ ਹਨੀ ਬਹਿਲ, ਬਾਬਾ ਬਹਿਲ, ਕਪਿਲ ਬਹਿਲ, ਰਜੇਸ਼ ਬਹਿਲ, ਸਰਪੰਚ ਰਣਵੀਰ ਸਿੰਘ ਰੋਮੀ, ਸਰਪੰਚ ਰਣਜੀਤ ਸਿੰਘ, ਨੰਬਰਦਾਰ ਸੁਰਜੀਤ ਸਿੰਘ, ਸੁਖਵਿੰਦਰ ਪਾਲ ਸਿੰਘ ਸਮੇਤ ਇਲਾਕੇ ਦੇ ਹੋਰ ਵੀ ਮੁਹਤਬਰ ਹਾਜ਼ਰ ਸਨ।



# 42ਵਾਂ ਇੰਡੀਅਨ ਆਇਲ ਸੁਰਜੀਤ ਹਾਕੀ ਟੂਰਨਾਮੈਂਟ

ਮਨਦੀਪ ਕੌਰ

ਜਲੰਧਰ, ਦੇਸ਼ ਦੀ ਨਾਮੀ ਸੁਰਜੀਤ ਹਾਕੀ ਸੁਸਾਇਟੀ ਨੂੰ ਉਸ ਸਮੇਂ ਇੱਕ ਵੱਡਾ ਬੂਸਟ ਮਿਲਿਆ ਜਦੋਂ ਲੁਧਿਆਣਾ ਦੀ ਪਰਮੇਸ਼ਵਰੀ ਸਿਲਕ ਮਿਲਜ਼ (ਰਾਮਟੈਕਸ) ਵੱਲੋਂ 42ਵੇਂ ਇੰਡੀਅਨ ਆਇਲ ਸਰਵੋ ਸੁਰਜੀਤ ਹਾਕੀ ਟੂਰਨਾਮੈਂਟ ਵਿੱਚ ਰਨਰਅੱਪ ਟੀਮ ਲਈ 2.50 ਲੱਖ ਦਾ ਕੈਸ਼ ਅਵਾਰਡ ਸਪਾਂਸਰ ਕਰਨ ਦਾ ਐਲਾਨ ਕੀਤਾ ਹੈ । ਸੁਰਜੀਤ ਹਾਕੀ ਸੁਸਾਇਟੀ ਦੇ ਸੀ.ਈ.ਓ. ਇਕਬਾਲ ਸਿੰਘ ਸੰਧੂ ਅਨੁਸਾਰ ਲੁਧਿਆਣਾ ਦੀ ਉੱਘੀ ਪਰਮੇਸ਼ਵਰੀ ਸਿਲਕ ਮਿਲਜ਼ (ਰਾਮਟੈਕਸ) ਦੇ ਚੇਅਰਮੈਨ ਤੇ ਮੈਨੇਜਿੰਗ ਡਾਇਰੈਕਟਰ ਜਤਿੰਦਰ ਪਾਲ ਸਿੰਘ ਵੱਲੋਂ ਟੂਰਨਾਮੈਂਟ ਵਿੱਚ ਰਨਰਅੱਪ ਟੀਮ ਲਈ ?2.50 ਲੱਖ ਦਾ ਕੈਸ਼ ਅਵਾਰਡ ਸਪਾਂਸਰ ਕਰਨਾ ਹਾਕੀ ਦੀ ਖੇਡ ਨੂੰ ਉਤਸ਼ਾਹਿਤ ਕਰਨ ਅਤੇ ਖਿਡਾਰੀਆਂ ਨੂੰ ਬਿਹਤਰ ਪ੍ਰਦਰਸ਼ਨ ਲਈ ਪ੍ਰੇਰਿਤ ਕਰਨ ਵੱਲ ਇੱਕ ਮਹੱਤਵਪੂਰਨ ਕਦਮ ਹੈ। ਦੇਸ਼ ਦਾ ਇਹ ਵਕਾਰੀ ਟੂਰਨਾਮੈਂਟ 23 ਅਕਤੂਬਰ ਤੋਂ 1 ਨਵੰਬਰ, 2025 ਤਕ ਸਥਾਨਕ ਸੁਰਜੀਤ ਹਾਕੀ ਸਟੇਡੀਅਮ, ਬਲਟਰਨ ਪਾਰਕ ਵਿਖੇ ਆਯੋਜਿਤ ਕੀਤਾ ਜਾ ਰਿਹਾ ਹੈ । ਸੁਰਜੀਤ ਹਾਕੀ ਸੁਸਾਇਟੀ ਦੇ ਅਹੁਦੇਦਾਰਾਂ ਲਖਵਿੰਦਰ ਪਾਲ ਸਿੰਘ ਖਹਿਰਾ ਅਤੇ ਐਲ.ਆਰ. ਨਈਅਰ (ਦੋਵੇਂ ਕਾਰਜਕਾਰੀ ਪ੍ਰਧਾਨ), ਸੁਰਿੰਦਰ ਸਿੰਘ ਭਾਪਾ (ਸੈਕਟਰੀ ਜਨਰਲ), ਰਣਬੀਰ ਸਿੰਘ ਟੁੱਟ (ਸੈਕਟਰੀ), ਰਾਮ ਪ੍ਰਤਾਪ (ਸੀਨੀਅਰ ਉਪ ਪ੍ਰਧਾਨ), ਗੁਰਵਿੰਦਰ ਸਿੰਘ ਗੁੱਲੂ (ਚੀਫ਼ ਪੀ.ਆਰ.ਓ), ਰਮਣੀਕ ਸਿੰਘ ਲੱਕੀ ਰੰਧਾਵਾ, (ਉਪ ਪ੍ਰਧਾਨ ਅਤੇ ਚੇਅਰਮੈਨ ਨਗਰ ਸੁਧਾਰ ਟਰੱਸਟ, ਜਲੰਧਰ) ਆਦਿ ਨੇ ਪਰਮੇਸ਼ਵਰੀ ਸਿਲਕ ਮਿੱਲਜ਼ (ਰਾਮਟੈਕਸ) ਦੇ ਚੇਅਰਮੈਨ ਅਤੇ ਪ੍ਰਬੰਧ ਨਿਰਦੇਸ਼ਕ ਜਤਿੰਦਰ ਪਾਲ ਸਿੰਘ ਦਾ ਧੰਨਵਾਦ ਕੀਤਾ ਹੈ।

# ਜਗਰੂਪ ਸਿੰਘ ਸੇਖਵਾਂ ਨੇ ਮਾਰਕੀਟ ਕਮੇਟੀ ਕਾਹਨੂੰਵਾਨ ਦੇ ਅਧੀਨ ਆਉਂਦੇ ਵੱਖ-ਵੱਖ ਪਿੰਡਾਂ ਦੀਆਂ ਸੰਪਰਕ ਸੜਕਾਂ ਦੇ ਨੀਂਹ ਪੱਥਰ ਰੱਖੇ

## ਵਿਕਾਸ ਪੱਖੋਂ ਵਿਧਾਨ ਸਭਾ ਹਲਕਾ ਕਾਦੀਆਂ ਸੂਬੇ ਦਾ ਮੋਹਰੀ ਹਲਕਾ ਬਣੇਗਾ - ਜਗਰੂਪ ਸਿੰਘ ਸੇਖਵਾਂ

ਪੰਕਜ

ਕਾਹਨੂੰਵਾਨ/ਗੁਰਦਾਸਪੁਰ, ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਵਿਧਾਨ ਸਭਾ ਹਲਕਾ ਕਾਦੀਆਂ ਵਿੱਚ ਵਿਕਾਸ ਕਾਰਜਾਂ ਦੀ ਲੜੀ ਲਗਾਤਾਰ ਜਾਰੀ ਹੈ। ਇਸ ਲੜੀ ਤਹਿਤ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਐਡਵੋਕੇਟ ਜਗਰੂਪ ਸਿੰਘ ਸੇਖਵਾਂ ਵੱਲੋਂ ਅੱਜ ਮਾਰਕੀਟ ਕਮੇਟੀ ਕਾਹਨੂੰਵਾਨ ਅਧੀਨ ਪਿੰਡ ਕੋਟ ਯੋਗਰਾਜ ਤੋਂ ਪਸਨਾਵਾਲ, ਵੜੈਚ ਤੋਂ ਜਾਗੋਵਾਲ ਬਾਂਗਰ, ਮੇਨ ਰੋਡ ਤੋਂ ਗੋਹਤ ਖੁਰਦ, ਭੱਠੀਆਂ ਤੋਂ ਘੁਕਲਾ ਅਤੇ ਭੱਠੀਆਂ ਤੋਂ ਭੱਠੀਆਂ ਡੇਰੇ ਤੱਕ ਦੀਆਂ ਸੰਪਰਕ ਸੜਕਾਂ ਦੀ ਮੁਰੰਮਤ ਦੇ ਨੀਂਹ ਪੱਥਰ ਰੱਖੇ ਗਏ। ਸੰਪਰਕ ਸੜਕਾਂ ਨੂੰ ਮੁਰੰਮਤ ਕਰਨ ਦੇ ਇਹਨਾਂ ਪ੍ਰੋਜੈਕਟਾਂ ਉੱਪਰ ਪੰਜਾਬ ਸਰਕਾਰ ਵੱਲੋਂ 2.30 ਕਰੋੜ ਰੁਪਏ ਖਰਚ ਕੀਤੇ ਜਾਣਗੇ। ਇਸ ਮੌਕੇ ਇਲਾਕਾ ਨਿਵਾਸੀਆਂ ਨਾਲ ਗੱਲ ਕਰਦਿਆਂ ਐਡਵੋਕੇਟ ਜਗਰੂਪ ਸਿੰਘ ਸੇਖਵਾਂ ਨੇ ਕਿਹਾ ਕਿ ਵਿਧਾਨ ਸਭਾ ਹਲਕਾ ਕਾਦੀਆਂ ਵਿੱਚ ਤਿੰਨ ਮਾਰਕਿਟ ਕਮੇਟੀਆਂ ਕਾਹਨੂੰਵਾਨ, ਕਾਦੀਆਂ ਅਤੇ ਧਾਰੀਵਾਲ ਪੈਂਦੀਆਂ ਹਨ ਅਤੇ ਪੰਜਾਬ ਸਰਕਾਰ ਵੱਲੋਂ ਇਨ੍ਹਾਂ ਤਿੰਨਾਂ ਮਾਰਕਿਟ ਕਮੇਟੀਆਂ ਅਧੀਨ ਆਉਂਦੀਆਂ ਪੇਂਡੂ ਸੰਪਰਕ ਸੜਕਾਂ ਦੀ ਮੁਰੰਮਤ ਲਈ 100 ਕਰੋੜ ਰੁਪਏ ਮਨਜ਼ੂਰ ਕੀਤੇ ਗਏ ਹਨ। ਉਨ੍ਹਾਂ ਕਿਹਾ ਕਿ ਅੱਜ ਵਿਕਾਸ ਕਾਰਜਾਂ ਦੀ ਲੜੀ ਨੂੰ ਅੱਗੇ ਵਧਾਉਂਦਿਆਂ ਮਾਰਕੀਟ ਕਮੇਟੀ ਕਾਹਨੂੰਵਾਨ ਅਧੀਨ ਆਉਂਦੇ ਪਿੰਡਾਂ ਦੀਆਂ ਸੰਪਰਕ ਸੜਕਾਂ ਦੀ ਮੁਰੰਮਤ ਦੇ ਕਾਰਜ ਸ਼ੁਰੂ ਕਰਵਾਏ ਗਏ ਹਨ। ਉਨ੍ਹਾਂ ਕਿਹਾ ਕਿ ਸੜਕਾਂ ਦੀ ਮੁਰੰਮਤ ਦੌਰਾਨ ਇਸ ਦੀ ਗੁਣਵੱਤਾ ਦਾ ਖ਼ਾਸ ਖ਼ ?ਆਲ ਰੱਖਿਆ ਜਾ ਰਿਹਾ ਹੈ ਅਤੇ 5 ਸਾਲ ਤੱਕ ਸੜਕ ਦੇ ਰੱਖ-ਰਖਾਅ ਦੀ ਜ਼ਿੰਮੇਵਾਰੀ ਵੀ ਠੇਕੇਦਾਰ ਹੀ ਹੋਵੇਗੀ। ਜਗਰੂਪ ਸਿੰਘ ਸੇਖਵਾਂ ਨੇ ਕਿਹਾ ਕਿ ਵਿਧਾਨ ਸਭਾ ਹਲਕਾ ਕਾਦੀਆਂ ਨੂੰ ਵਿਕਾਸ ਪੱਖੋਂ ਮੋਹਰੀ ਬਣਾਉਣ ਵਿੱਚ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ। ਉਨ੍ਹਾਂ ਦੱਸਿਆ ਕਿ ਧਾਰੀਵਾਲ ਸ਼ਹਿਰ ਦੇ ਵਾਟਰ ਸਪਲਾਈ ਤੇ ਸੀਵਰੇਜ ਉੱਪਰ 75 ਕਰੋੜ ਰੁਪਏ ਖ਼ਰਚ ਕੀਤੇ ਜਾਣਗੇ। ਇਸੇ ਤਰ੍ਹਾਂ ਹੀ ਕਾਦੀਆਂ ਸ਼ਹਿਰ ਵਿੱਚ ਵੀ ਵਾਟਰ ਸਪਲਾਈ ਤੇ ਸੀਵਰੇਜ ਉੱਪਰ 75 ਕਰੋੜ ਰੁਪਏ ਮਨਜ਼ੂਰ ਕੀਤੇ ਗਏ ਹਨ। ਉਨ੍ਹਾਂ ਦੱਸਿਆ ਕਿ ਹਲਕੇ ਵਿੱਚ ਸਰਕਾਰੀ ਸਕੂਲਾਂ ਉੱਪਰ ਸਿੱਖਿਆ ਕ੍ਰਾਂਤੀ ਤਹਿਤ 60 ਕਰੋੜ ਰੁਪਏ ਖ਼ਰਚ ਕੀਤੇ ਗਏ ਹਨ। ਇਸ ਤੋਂ ਇਲਾਵਾ ਹਲਕੇ ਵਿੱਚ 25 ਖੇਡ ਸਟੇਡੀਅਮ ਮਨਜ਼ੂਰ ਕੀਤੇ ਗਏ ਹਨ ਜਿਨ੍ਹਾਂ ਉੱਪਰ ਕਰੋੜਾਂ ਰੁਪਏ ਖ਼ਰਚ ਕੀਤੇ ਜਾਣਗੇ। ਉਨ੍ਹਾਂ ਕਿਹਾ ਕਿ ਵਿਕਾਸ ਪੱਖੋਂ ਵਿਧਾਨ ਸਭਾ ਹਲਕਾ ਕਾਦੀਆਂ ਸੂਬੇ ਦਾ ਮੋਹਰੀ ਹਲਕਾ ਬਣੇਗਾ। ਇਸ ਮੌਕੇ ਉਨ੍ਹਾਂ ਨਾਲ ਹਰਜੀਤ ਸਿੰਘ ਟਿੱਕਾ, ਵੱਖ-ਵੱਖ ਪਿੰਡਾਂ ਦੇ ਪੰਚ-ਸਰਪੰਚ ਤੇ ਮੁਹਤਬਰ ਵੀ ਹਾਜ਼ਰ ਸਨ।



# ਜੈਵਿਕ-ਊਰਜਾ ਖੋਜ ਵਿੱਚ ਹਾਲੀਆ ਤਰੱਕੀਆਂ 'ਤੇ 5ਵੀਂ ਅੰਤਰਰਾਸ਼ਟਰੀ ਕਾਨਫ਼ਰੰਸ ਦਾ ਐੱਸਐੱਸਐੱਸ-ਐੱਨਆਈਬੀਈ, ਕਪੂਰਥਲਾ ਵਿਖੇ ਉਦਘਾਟਨ

## ਜੈਵਿਕ-ਊਰਜਾ ਭਾਰਤ ਦੇ ਸਵੱਛ ਊਰਜਾ ਭਵਿੱਖ ਦੀ ਬੁਨਿਆਦ: ਮਾਣਯੋਗ ਮੰਤਰੀ ਸ਼੍ਰੀ ਸ਼੍ਰੀਪਦ ਨਾਇਕ

ਰਮਨ ਕੁਮਾਰ

ਕਪੂਰਥਲਾ-ਜੈਵਿਕ-ਊਰਜਾ ਖੋਜ ਵਿੱਚ ਹਾਲੀਆ ਤਰੱਕੀਆਂ 'ਤੇ 5ਵੀਂ ਅੰਤਰਰਾਸ਼ਟਰੀ ਕਾਨਫ਼ਰੰਸ (ਆਈਸੀਆਰਏਬੀਆਰ-2025) 6 ਅਕਤੂਬਰ 2025 ਨੂੰ ਸਰਦਾਰ ਸਵਰਨ ਸਿੰਘ ਰਾਸ਼ਟਰੀ ਜੈਵਿਕ ਊਰਜਾ ਸੰਸਥਾਨ (ਐੱਸਐੱਸਐੱਸ-ਐੱਨਆਈਬੀਈ), ਕਪੂਰਥਲਾ ਵਿਖੇ ਸ਼ੁਰੂ ਹੋਈ, ਜੋ ਕਿ ਭਾਰਤ ਸਰਕਾਰ ਦੇ ਨਵੀਂ ਅਤੇ ਅਖੁੱਟ ਊਰਜਾ ਮੰਤਰਾਲੇ ਦੀ ਇੱਕ ਖੁਦਮੁਖਤਿਆਰ ਸੰਸਥਾ ਹੈ। ਇਹ ਚਾਰ ਰੋਜ਼ਾ ਸਮਾਗਮ (6 - 9 ਅਕਤੂਬਰ 2025) ਖੋਜਕਰਤਾਵਾਂ, ਉਦਯੋਗ ਦੇ ਨੁਮਾਇੰਦਿਆਂ ਅਤੇ ਨੀਤੀ ਘਾੜਿਆਂ ਲਈ ਜੈਵਿਕ-ਊਰਜਾ ਖੇਤਰ ਵਿੱਚ ਹਾਲੀਆ ਤਰੱਕੀਆਂ ਅਤੇ ਭਵਿੱਖ ਦੀਆਂ ਦਿਸ਼ਾਵਾਂ 'ਤੇ ਵਿਚਾਰ-ਵਟਾਂਦਰਾ ਕਰਨ ਲਈ ਇੱਕ ਪ੍ਰਮੁੱਖ ਮੰਚ ਹੈ। ਉਦਘਾਟਨੀ ਸੈਸ਼ਨ ਵਿੱਚ ਨਵੀਂ ਅਤੇ ਅਖੁੱਟ ਊਰਜਾ ਅਤੇ ਬਿਜਲੀ ਮੰਤਰਾਲੇ ਦੇ ਮਾਣਯੋਗ ਰਾਜ ਮੰਤਰੀ ਸ਼੍ਰੀ ਸ਼੍ਰੀਪਦ ਨਾਇਕ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ, ਜਿਨ੍ਹਾਂ ਨੇ ਐੱਸਐੱਸਐੱਸ-ਐੱਨਆਈਬੀਈ ਦੇ ਨਵੇਂ ਲੋਗੋ ਤੋਂ ਪਰਦਾ ਹਟਾਉਣ ਦੀ ਰਸਮ ਅਦਾ ਕੀਤੀ, ਜੋ ਕਿ ਸੰਸਥਾ ਦੀ ਨਵੀਨਤਾ, ਸਥਿਰਤਾ ਅਤੇ ਸਵੱਛ ਊਰਜਾ ਤਬਦੀਲੀ ਪ੍ਰਤੀ ਵਚਨਬੱਧਤਾ ਦਾ ਪ੍ਰਤੀਕ ਹੈ। ਅੱਜ ਆਈਆਈਟੀ ਰੋਪੜ ਅਤੇ ਐੱਸਐੱਸਐੱਸ-ਐੱਨਆਈਬੀਈ ਦਰਮਿਆਨ ਜੈਵਿਕ ਪਦਾਰਥਾਂ ਅਤੇ ਜੈਵਿਕ ਊਰਜਾ ਦੇ ਖੇਤਰ ਵਿੱਚ ਸਹਿਯੋਗੀ ਖੋਜ ਅਤੇ ਗਤੀਵਿਧੀਆਂ ਲਈ ਇੱਕ ਸਮਝੌਤਾ ਪੱਤਰ 'ਤੇ ਹਸਤਾਖ਼ਰ ਕੀਤੇ ਗਏ। ਇਸ ਸਮਾਗਮ ਵਿੱਚ ਐੱਮਐੱਨਆਰਈ ਦੇ ਸਕੱਤਰ ਸ਼੍ਰੀ ਸੰਤੋਸ਼ ਕੁਮਾਰ ਸਾਰੰਗੀ (ਵਰਚੁਅਲੀ), ਅਤੇ ਆਈਆਈਟੀ ਰੋਪੜ ਦੇ ਡਾਇਰੈਕਟਰਪ੍ਰੋਫੈਸਰ ਰਾਜੀਵ ਆਹੂਜਾ ਨੇ ਵੀ ਮਹਿਮਾਨ ਵਜੋਂ ਸ਼ਿਰਕਤ ਕੀਤੀ। ਆਪਣੇ ਸੰਬੋਧਨ ਵਿੱਚ ਮਾਣਯੋਗ ਮੰਤਰੀ ਸ਼੍ਰੀ ਸ਼੍ਰੀਪਦ ਨਾਇਕ ਨੇ ਐੱਸਐੱਸਐੱਸ-ਐੱਨਆਈਬੀਈ ਵਿਖੇ ਅੰਤਰਰਾਸ਼ਟਰੀ ਕਾਨਫ਼ਰੰਸ ਆਈਸੀਆਰਏਬੀਆਰ 2025 ਵਿੱਚ ਸ਼ਾਮਲ ਹੋਣ 'ਤੇ ਖੁਸ਼ੀ ਪ੍ਰਗਟ ਕੀਤੀ। ਉਨ੍ਹਾਂ ਨੇ ਦੇਸ਼ ਵਿੱਚ ਜੈਵਿਕ ਊਰਜਾ ਦੀ ਮਹੱਤਤਾ 'ਤੇ ਜ਼ੋਰ ਦਿੱਤਾ, ਜਿਸ ਵਿੱਚ 228 ਮੀਟ੍ਰਿਕ ਟਨ ਵਾਧੂ ਫਸਲੀ ਰਹਿੰਦ-ਖੂੰਹਦ, 62 ਮੀਟ੍ਰਿਕ ਟਨ ਐੱਮਐੱਸਡਬਲਿਊ ਅਤੇ ਪਸ਼ੂ ਖਾਦ ਦੀ ਮਜ਼ਬੂਤ ਉਪਲਬਧਤਾ ਸਮਰੱਥਾ ਹੈ, ਜਿਸਦੀ ਕੁੱਲ ਬਿਜਲੀ ਸਮਰੱਥਾ 40 ਗੀਗਾਵਾਟ ਹੈ ਅਤੇ ਭਾਰਤ ਦੇ ਟਿਕਾਊ ਭਵਿੱਖ ਦੀ ਨੀਂਹ ਪੱਥਰ ਜੈਵਿਕ ਊਰਜਾ ਨਿਰਮਾਣ ਲਈ ਮੰਤਰਾਲੇ ਦੀ ਵਚਨਬੱਧਤਾ ਦੀ ਪੁਸ਼ਟੀ ਕੀਤੀ। ਉਨ੍ਹਾਂ ਨੇ



ਨੈਸ਼ਨਲ ਬਾਇਓ ਐਨਰਜੀ ਪ੍ਰੋਗਰਾਮ, ਐੱਸਏਟੀਏਟੀ, ਸਮਰੱਥ ਮਿਸ਼ਨ, ਗੋਬਰਧਨ ਆਦਿ ਸਮੇਤ ਜੈਵਿਕ ਊਰਜਾ ਖੇਤਰ ਵਿੱਚ ਭਾਰਤ ਸਰਕਾਰ ਦੀਆਂ ਕਈ ਯੋਜਨਾਵਾਂ 'ਤੇ ਚਾਨਣਾ ਪਾਇਆ ਅਤੇ ਹਾਜ਼ਰੀਨ ਨੂੰ ਦੱਸਿਆ ਕਿ ਦੇਸ਼ ਨੇ ਕਈ ਸਾਲ ਪਹਿਲਾਂ ਹੀ 20% ਈਥਾਨੌਲ ਮਿਸ਼ਰਣ ਦਾ ਟੀਚਾ ਹਾਸਲ ਕਰ ਲਿਆ ਹੈ। ਇਸ ਸਮਾਗਮ ਵਿੱਚ ਐੱਮਐੱਨਆਰਈ ਦੇ ਸਕੱਤਰ ਸ਼੍ਰੀ ਸੰਤੋਸ਼ ਕੁਮਾਰ ਸਾਰੰਗੀ ਵਰਚੁਅਲ ਤੌਰ 'ਤੇ ਸ਼ਾਮਲ ਹੋਏ ਅਤੇ ਜੈਵਿਕ ਊਰਜਾ ਦੀ ਮਹੱਤਤਾ ਅਤੇ ਖ਼ਾਸ ਕਰਕੇ ਭਾਰਤ ਵਰਗੇ ਖੇਤੀ ਭਰਪੂਰ ਦੇਸ਼ ਵਿੱਚ ਇਸਦੀ ਮਹੱਤਵਪੂਰਨ ਭੂਮਿਕਾ 'ਤੇ ਜ਼ੋਰ ਦਿੱਤਾ। ਉਨ੍ਹਾਂ ਨੇ ਪ੍ਰਦੂਸ਼ਣ ਨਿਯੰਤਰਣ ਖੇਤਰਾਂ ਵਿੱਚ ਭਰੋਸੇਯੋਗ ਊਰਜਾ ਪਹੁੰਚ ਅਤੇ ਕਾਰਬਨ ਨਿਰਪੱਖਤਾ ਦੀ ਮਹੱਤਤਾ 'ਤੇ ਜ਼ੋਰ ਦਿੱਤਾ ਜੋ ਕਿ ਆਧੁਨਿਕ ਜੈਵਿਕ ਊਰਜਾ ਤਕਨਾਲੋਜੀਆਂ ਨਾਲ ਸੰਭਵ ਹੋ ਸਕਦਾ ਹੈ। ਆਈਆਈਟੀ ਰੋਪੜ ਦੇ ਡਾਇਰੈਕਟਰ ਪ੍ਰੋ. ਰਾਜੀਵ ਆਹੂਜਾ ਨੇ ਟਿਕਾਊ ਜੈਵਿਕ ਅਧਾਰਤ ਹੱਲ ਵਿਕਸਤ ਕਰਨ ਵਿੱਚ ਅੰਤਰ-ਅਨੁਸ਼ਾਸਨੀ ਸਹਿਯੋਗ, ਉਦਯੋਗ-ਅਕਾਦਮਿਕ ਭਾਈਵਾਲੀ ਅਤੇ ਵਿਗਿਆਨਕ ਨਵੀਨਤਾ ਦੀ ਭੂਮਿਕਾ 'ਤੇ ਜ਼ੋਰ ਦਿੱਤਾ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਜੈਵਿਕ ਅਰਥਵਿਵਸਥਾ ਭਾਰਤ ਦੀ ਕਾਰਬਨ-ਮੁਕਤੀ ਰਣਨੀਤੀ ਦੇ ਕੇਂਦਰ ਵਿੱਚ ਹੋਣੀ ਚਾਹੀਦੀ ਹੈ। ਉਨ੍ਹਾਂ ਇਹ ਵੀ ਦੱਸਿਆ ਕਿ ਹਾਈਡ ?ਰੋਜਨ ਅਧਾਰਤ ਊਰਜਾ ਅਰਥਵਿਵਸਥਾ ਕਿਵੇਂ ਹਰੀ ਊਰਜਾ ਤਬਦੀਲੀ ਵੱਲ ਲਿਜਾ ਸਕਦੀ ਹੈ ਅਤੇ ਹਰੀ ਹਾਈਡਰੋਜਨ ਦੇ ਉਤਪਾਦਨ ਲਈ ਬਾਇਓਮਾਸ ਦੀ ਮਹੱਤਵਪੂਰਨ ਭੂਮਿਕਾ ਹੈ। ਐੱਸਐੱਸਐੱਸ-ਐੱਨਆਈਬੀਈ ਦੇ ਡਾਇਰੈਕਟਰ ਜਨਰਲ ਡਾ. ਜੀ. ਸ਼੍ਰੀਧਰ ਨੇ ਚਾਰ ਦਿਨਾਂ ਦੀਆਂ ਕਾਨਫ਼ਰੰਸ ਗਤੀਵਿਧੀਆਂ ਅਤੇ ਸੈਸ਼ਨਾਂ ਦੀ ਰੂਪ-ਰੇਖਾ ਦਿੱਤੀ ਅਤੇ ਪਤਵੰਤਿਆਂ ਅਤੇ ਭਾਗੀਦਾਰਾਂ ਦਾ ਸਵਾਗਤ ਕੀਤਾ। ਉਨ੍ਹਾਂ ਬਾਇਓਗੈਸ, ਬਾਇਓ-ਸੀਐੱਨਜੀ, ਬਾਇਓਹਾਈਡ ?ਰੋਜਨ, ਬਾਇਓਚਾਰ ਅਤੇ ਬਾਇਓਰੀਫਾਈਨਰੀ ਖੋਜ ਵਿੱਚ ਸੰਸਥਾ ਦੇ ਚੱਲ ਰਹੇ ਉਪਰਾਲਿਆਂ ਬਾਰੇ ਵੀ ਦੱਸਿਆ। ਉਨ੍ਹਾਂ ਉਜਾਗਰ ਕੀਤਾ ਕਿ ਆਈਸੀਆਰਏਬੀਆਰ-2025 ਦਾ ਮੰਤਵ ਇੱਕ ਸਵੱਛ, ਆਤਮ-ਨਿਰਭਰ ਊਰਜਾ ਭਵਿੱਖ ਵੱਲ ਵਿਚਾਰ-ਵਟਾਂਦਰੇ ਅਤੇ ਕਾਰਵਾਈ ਨੂੰ ਰਫ਼ਤਾਰ ਦੇਣਾ ਹੈ। ਉਦਘਾਟਨੀ ਸੈਸ਼ਨ ਆਈਸੀਆਰਏਬੀਆਰ 2025 ਦੇ ਸਹਿ-ਪ੍ਰਮੁੱਖ ਡਾ. ਅਨਿਲ ਕੁਮਾਰ ਸ਼ਰਮਾ ਵੱਲੋਂ ਧੰਨਵਾਦ ਮਤੇ ਨਾਲ ਸਮਾਪਤ ਹੋਇਆ, ਜਿਨ੍ਹਾਂ ਨੇ ਮਾਣਯੋਗ ਰਾਜ ਮੰਤਰੀ, ਮਹਿਮਾਨਾਂ, ਸਾਰੇ ਪ੍ਰਤੀਨਿਧੀਆਂ, ਭਾਗੀਦਾਰਾਂ ਅਤੇ ਪ੍ਰਾਯੋਜਿਤ ਕਰਨ ਵਾਲਿਆਂ ਦਾ ਆਪਣਾ ਕੀਮਤੀ ਸਮਾਂ ਕੱਢਣ ਲਈ ਧੰਨਵਾਦ ਕੀਤਾ।

# ਰਾਸ਼ਟਰੀਯ ਸਵਯੰਮਸੇਵਕ ਸ਼ੰਘ ਨੇ ਮਨਾਇਆ 100ਵਾਂ ਸਥਾਪਨਾ ਦਿਹਾੜਾ

ਉਦੇ ਰੰਦੇਵ

ਫਰੀਦਕੋਟ-ਰਾਸ਼ਟਰੀਯ ਸਵਯੰਸੇਵਕ ਸੰਘ ਨੇ ਆਪਣਾ 100ਵਾਂ ਸਥਾਪਨਾ ਦਿਵਸ ਮਨਾਇਆ। ਇਸ ਦਿਨ 1925 ਨੂੰ ਡਾ. ਕੇਸ਼ਵ ਬਲਿਰਾਮ ਹੇਡਗੇਵਾਰ ਜੀ ਨੇ ਕੁਝ ਬੱਚਿਆਂ ਨੂੰ ਨਾਲ ਲੈ ਕੇ ਸੰਘ ਦੀ ਸਥਾਪਨਾ ਕੀਤੀ ਸੀ। ਕੋਟਕਪੂਰਾ ਦੇ ਸ਼ ?ਰੀ ਰਾਧਾ ਕ੍ਰਿਸ਼ਨ ਮੰਦਰ ਵਿੱਚ ਕਰਵਾਏ ਗਏ ਸਮਾਰੋਹ ਦੇ ਪ੍ਰਧਾਨ ਰਾਸ਼ਟ ?ਰੀਯ ਸਵਯੰਸੇਵਕ ਸੰਘ ਦੇ ਅਧਿਕਾਰੀ, ਮੁੱਖ ਬੁਲਾਰੇ ਡਾ: ਕੁਰਨੇਸ਼ ਅਤੇ ਮੁੱਖ ਮਹਿਮਾਨ ਰਮੇਸ਼ਵਰ ਸਿੰਘ, ਯਸ਼ਪਾਲ ਅਗਰਵਾਲ, ਵਿਸ਼ੇਸ ਮਹਿਮਾਨ ਰਾਜੀਵ ਮਲਿਕ ਪ੍ਰਧਾਨ ਪੀ ਬੀ ਜੀ , ਇਲਾਕੇ ਦੇ ਅਨੇਕ ਪਤਵੰਤੇ ਸੱਜਣ-ਭੈਣਾਂ ਤੇ ਸਵਯੰਸੇਵਕ ਮੌਜੂਦ ਸਨ ਮੁੱਖ ਬੁਲਾਰੇ ਡਾ: ਕੁਰਨੇਸ਼ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ 'ਸਵ' ਬੋਧ, ਪਰਿਆਵਰਣ ਸੰਰਖਣ, ਨਾਗਰਿਕ ਕਰਤੱਵਾਂ ਦੀ ਪਾਲਣਾ, ਸਮਰਸਤਾ ਅਤੇ ਆਦਰਸ਼ ਪਰਿਵਾਰ ਪ੍ਰਣਾਲੀ ਰਾਹੀਂ ਹੀ ਭਾਰਤ ਦਾ ਸਮੁੱਚਾ ਵਿਕਾਸ ਸੰਭਵ ਹੈ। ਕਿਸੇ ਵੀ ਰਾਸ਼ਟਰ ਦੇ ਨਿਰਮਾਣ ਤੇ ਉੱਥਾਨ ਲਈ ਉੱਥੇ ਦੇ ਨਾਗਰਿਕਾਂ ਨੂੰ ਚਰਿੱਤਰਵਾਨ ਤੇ ਦੇਸ਼ ਭਗਤੀ ਦੇ ਗੁਣਾਂ ਤੋਂ ਸੰਪਨ ਹੋਣਾ ਜਰੂਰੀ ਹੈ। ਕਈ ਵਾਰੀ ਚਰਿੱਤਰ ਦੇ ਬਿਨਾਂ ਸਿੱਖਿਆ ਅਤੇ



ਗਿਆਨ ਵੀ ਘਾਤਕ ਬਣ ਜਾਂਦਾ ਹੈ। ਸੰਘ ਚਰਿੱਤਰ ਨਿਰਮਾਣ ਤੋਂ ਰਾਸ਼ਟਰ ਨਿਰਮਾਣ ਦੀ ਕਾਰਜਪੱਧਤੀ ਰਾਹੀ ਰਾਸ਼ਟਰ ਦੇ ਪਰਮਵੈਭਵ ਲਈ ਕੰਮ ਕਰ ਰਿਹਾ ਹੈ ਸ਼ ?ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਬਲੀਦਾਨ ਦਿਵਸ ਦੀਆਂ ਪਵਿੱਤਰ ਭਾਵਨਾਵਾਂ ਨੂੰ ਮੁੱਖ ਰਖਦਿਆਂ ਸੰਘ ਅਧਿਕਾਰੀ ਨੇ ਕਿਹਾ ਕਿ ਗੁਰੂ ਜੀ ਨੇ ਆਪਣੇ ਜੀਵਨ ਦਾ ਬਲੀਦਾਨ ਦੇ ਕੇ ਮਨੁੱਖੀ ਅਧਿਕਾਰਾਂ ਅਤੇ ਮਨੁੱਖੀ ਕਦਰਾਂ ਕੀਮਤਾਂ ਦੀ ਰੱਖਿਆ ਦਾ ਸੁਨੇਹਾ ਦਿੱਤਾ। ਗੁਰੂ ਜੀ ਨੇ ਇਹ ਵੀ ਸੁਨੇਹਾ ਦਿੱਤਾ ਕਿ ਆਪਣੇ ਧਰਮ ਦੀ ਰੱਖਿਆ ਲਈ ਜੇਕਰ ਮਨੁੱਖ ਨੂੰ ਆਪਣੇ ਜੀਵਨ ਦਾ ਵੀ ਬਲੀਦਾਨ ਕਰਨਾ ਪਵੇ ਤਾਂ ਉਸਨੂੰ ਪਿੱਛੇ ਨਹੀਂ ਹਟਣਾ ਚਾਹੀਦ ਸੰਘ ਵੱਲੋਂ ਦਿੱਤੇ ਗਏ ਪੰਜ ਪਰਿਵਰਤਨਾਂ ਦੇ ਸੱਦੇ ਦਾ ਜਿਕਰ ਕਰਦਿਆਂ ਸੰਘ ਅਧਿਕਾਰੀ ਨੇ ਕਿਹਾ ਕਿ 'ਸਵ' ਦੇ ਬੋਧ, ਪਰਿਆਵਰਣ ਸੰਰਖਣ, ਨਾਗਰਿਕ ਕਰਤੱਵਾਂ ਦੀ ਪਾਲਣਾ, ਸਮਰਸਤਾ ਅਤੇ ਆਦਰਸ਼ ਪਰਿਵਾਰ ਪ੍ਰਣਾਲੀ ਦੇ ਰਾਹ ਉੱਤੇ ਚਲਦਿਆਂ ਭਾਰਤ ਆਪਣਾ ਸਰਵਪੱਖੀ ਵਿਕਾਸ ਕਰ ਸਕਦਾ ਹੈ ।ਸੰਘ ਦਾ ਮੰਨਣਾ ਹੈ ਕਿ ਇਕ ਸ਼ਕਤੀਸ਼ਾਲੀ, ਸੱਭਿਅਕ ਅਤੇ ਹਰ ਖੇਤਰ ਵਿੱਚ ਪ੍ਰਗਤੀਸ਼ੀਲ ਰਾਸ਼ਟਰ ਲਈ ਸਮਾਜਕ ਸਮਰਸਤਾ ਜਰੂਰੀ ਅੰਗ ਹੈ। ਜਾਤੀ, ਧਰਮ, ਖਾਨਦਾਨ ਅਤੇ ਲੈਂਗਿਕ ਅਧਾਰ 'ਤੇ ਵੰਡਿਆ ਰਾਸ਼ਟਰ ਕਦੇ ਵੀ ਆਪਣੀ ਏਕਤਾ-ਅਖੰਡਤਾ ਤੇ ਸੁਰੱਖਿਆ ਕਾਇਮ ਨਹੀਂ ਰੱਖ ਸਕਦਾ। ਸੰਘ ਪਰਿਵਾਰ ਨੂੰ ਭਾਰਤੀ ਸੰਸਕ੍ਰਿਤੀ, ਕਦਰਾਂ ਕੀਮਤਾਂ, ਆਦਰਸ਼ਾਂ ਅਤੇ ਸੰਸਕਾਰਾਂ ਦੀ ਅਧਾਰਸ਼ਿਲਾ ਮੰਨਦਾ ਹੈ। ਦੇਸ਼ ਦੇ ਵਿਕਾਸ ਲਈ ਆਰਥਿਕ ਆਤਮ ਨਿਰਭਰਤਾ ਬੇਹੱਦ ਜਰੂਰੀ ਹੈ। ਉਪਭੋਕਤਾਵਾਦੀ ਸੱਭਿਆਚਾਰ ਅਤੇ ਜਰੂਰਤ ਤੋਂ ਜਿਆਦਾ ਆਯਾਤ ਸਾਡੇ ਅਰਥਚਾਰੇ ਲਈ ਖਤਰਨਾਕ ਹੈ। ਪੰਜ ਪਰਿਵਰਤਨਾਂ ਨੂੰ ਲੈ ਕੇ ਹੀ ਸੰਘ ਦੇਸ਼ ਦੇ ਨਾਗਰਿਕਾਂ ਕੋਲ ਜਾ ਰਿਹਾ ਹੈ ।ਉਨ੍ਹਾਂ ਕਿਹਾ ਕਿ ਆਪਣੇ ਸਦਕਰਮਾਂ ਤੇ ਸਕਾਰਾਤਮਕ ਕਾਰਜ ਪੱਧਤੀ ਦੇ ਚਲਦਿਆਂ ਹੀ ਸੰਘ ਆਪਣੇ ਜੀਵਨ ਦੇ 100 ਸਾਲਾਂ ਵਿੱਚ ਦੇਸ਼ ਭਗਤੀ, ਆਪਸੀ ਭਾਈਚਾਰੇ ਅਤੇ ਸੇਵਾ ਆਦਿ ਗੁਣਾਂ ਦਾ ਦੂਸਰਾ ਨਾਮ ਬਣ ਗਿਆ ਹੈ। ਇਸ ਮੌਕੇ ਉੱਤੇ ਸਵਯੰਸੇਵਕਾਂ ਨੇ ਪਥਸੰਚਲਨ ਵੀ ਕੀਤਾ।





# "ਛੋਟੇ ਕਦਮ ਵੱਡੀਆਂ ਪ੍ਰਾਪਤੀਆਂ ਵੱਲ ਲੈ ਜਾਂਦੇ ਹਨ"- ਸਹਾਇਕ ਪ੍ਰੋ. ਖੁਸ਼ਬੂ

ਕੋਟਕਪੂਰਾ ( ਕੈਪਟਨ ਸੁਭਾਸ਼ ਚੰਦਰ ਸ਼ਰਮਾ, ਬਿਊਰੋ ਚੀਫ਼ ਆਹਮੋ ਸਾਹਮਣੇ):=04 ਅਕਤੂਬਰ ਨੂੰ, ਡ ?ਰੀਮਲੈਂਡ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਕੋਟਕਪੂਰਾ ਵਿਖੇ ਪ੍ਰਿੰਸੀਪਲ ਸ਼੍ਰੀ ਰਾਕੇਸ਼ ਸ਼ਰਮਾ ਦੀ ਯੋਗ ਅਗਵਾਈ ਹੇਠ ਇੱਕ ਇੰਟਰਐਕਟਿਵ ਸੈਸ਼ਨ ਕਰਵਾਇਆ ਗਿਆ! ਜਿਸਦਾ ਵਿਸ਼ਾ ਸਫਲਤਾ ਪ੍ਰਾਪਤ ਕਰਨ ਦੇ ਵੱਖ-ਵੱਖ ਤਰੀਕਿਆਂ ਅਤੇ ਅਸਫਲਤਾ ਨਾਲ ਕਿਵੇਂ ਨਜਿੱਠਣਾ ਬਾਰੇ ਸੀ। ਸੈਮੀਨਾਰ ਵਿੱਚ 6ਵੀਂ ਤੋਂ ਬਾਰ੍ਹਵੀਂ ਜਮਾਤ ਦੇ ਵਿਦਿਆਰਥੀਆਂ ਨੇ ਅਧਿਆਪਕਾਂ ਸ਼੍ਰੀ ਪ੍ਰਦੀਪ ਕੁਮਾਰ ਅਤੇ ਸ਼੍ਰੀ ਮਤੀ ਨਿਸ਼ਾ ਦੇ ਨਾਲ ਭਾਗ ਲਿਆ। ਸੈਮੀਨਾਰ ਵਿੱਚ, ਸਭ ਤੋਂ ਪਹਿਲਾਂ ਬੁਲਾਰੇ ਅਤੇ ਉੱਘੇ ਸਮਾਜ ਸੇਵੀ ਉਦੇ ਰੰਦੇਵ ਨੇ ਚਰਚਾ ਕੀਤੀ ਕਿ ਵਿਦਿਆਰਥੀਆਂ ਨੂੰ ਕਿਵੇਂ ਧਿਆਨ ਕੇਂਦਰਿਤ ਅਧਿਐਨ ਕਰਨਾ ਚਾਹੀਦਾ ਹੈ ਅਤੇ ਆਪਣੇ ਟੀਚਿਆਂ ਤੱਕ ਪਹੁੰਚਣ ਲਈ ਛੋਟੇ ਪਰ ਇਕਸਾਰ ਲਗਾਤਾਰ ਕਦਮ ਚੁੱਕਣੇ ਚਾਹੀਦੇ ਹਨ। ਵਿਸ਼ੇਸ਼ ਮਹਿਮਾਨ ਅਤੇ ਮੁੱਖ ਬੁਲਾਰੇ, ਸਹਾਇਕ ਪ੍ਰੋ. ਖੁਸ਼ਬੂ ਨੇ ਵਿਦਿਆਰਥੀਆਂ ਨਾਲ ਆਪਣੇ ਅਨੁਭਵ ਸਾਂਝੇ ਕੀਤੇ ਅਤੇ ਉਨ੍ਹਾਂ ਨੂੰ ਆਪਣੇ ਦਿਲ ਦੀ ਪਾਲਣਾ ਕਰਨ ਅਤੇ ਇੱਕ ਅਜਿਹਾ ਖੇਤਰ ਚੁਣਨ ਲਈ ਉਤਸ਼ਾਹਿਤ ਕੀਤਾ ਜਿਸ ਬਾਰੇ ਉਹ ਸੱਚਮੁੱਚ ਸਿੱਖਣ ਦਾ ਆਨੰਦ ਮਾਣਦੇ ਹਨ ।ਸੈਸ਼ਨ ਦਾ ਅੰਤ ਪ੍ਰਿੰਸੀਪਲ ਸ਼੍ਰੀ ਰਾਕੇਸ਼ ਸ਼ਰਮਾ ਦੇ ਸੁਲਝੇ ਸ਼ਬਦਾਂ ਨਾਲ ਹੋਇਆ - ਜਿਨ੍ਹਾਂ ਨੇ ਕਿਸੇ ਦੇ ਜੀਵਨ ਵਿੱਚ ਸਖ਼ਤ ਮਿਹਨਤ ਅਤੇ ਅਨੁਸ਼ਾਸਨ ਦੀ ਮਹੱਤਤਾ 'ਤੇ ਜ਼ੋਰ ਦਿੱਤਾ ।ਕੁੱਲ ਮਿਲਾ ਕੇ, ਵਿਦਿਆਰਥੀਆਂ ਨੇ ਚਰਚਾ ਦਾ ਆਨੰਦ ਮਾਣਿਆ ਅਤੇ ਅੰਤ ਵਿੱਚ ਬੁਲਾਰਿਆਂ ਤੋਂ ਸਵਾਲ ਵੀ ਪੁੱਛੇ।

# ਜੀਐੱਸਟੀ 2.0 - ਭਾਰਤ ਦੇ ਕੱਪੜਾ ਉਦਯੋਗ ਦੇ ਸੁਪਨਿਆਂ ਨੂੰ ਹਕੀਕਤ ਵਿੱਚ ਬਦਲਣ ਲਈ ਤਬਦੀਲੀ ਦਾ ਧਾਗਾ

**ਸ਼੍ਰੀ ਗਿਰੀਰਾਜ ਸਿੰਘ**
**ਕੇਂਦਰੀ ਕੱਪੜਾ ਮੰਤਰੀ**

1 ਜੁਲਾਈ, 2017 ਨੂੰ ਭਾਰਤ ਨੇ ਦਹਾਕਿਆਂ ਦਾ ਆਪਣਾ ਸਭ ਤੋਂ ਹਿੰਮਤੀ ਆਰਥਿਕ ਸੁਧਾਰ ਕੀਤਾ। ਮਾਨਸੂਨ ਦੀ ਉਸ ਇੱਕ ਸਵੇਰ ਨੂੰ ਵਸਤੂ ਅਤੇ ਸੇਵਾ ਟੈਕਸ (ਜੀਐੱਸਟੀ) ਨੇ 17 ਵੱਖ-ਵੱਖ ਟੈਕਸਾਂ ਅਤੇ 13 ਉਪ ਟੈਕਸਾਂ ਨੂੰ ਇੱਕ ਏਕੀਕ੍ਰਿਤ ਢਾਂਚੇ ਨਾਲ ਬਦਲ ਦਿੱਤਾ, ਜਿਸ ਨਾਲ ਦੇਸ਼ ਦੇ ਵਿੱਤੀ ਢਾਂਚੇ ਨੂੰ ਬੁਨਿਆਦੀ ਤੌਰ 'ਤੇ ਮੁੜ ਸਰੂਪ ਦਿੱਤਾ ਗਿਆ। ਇਹ ਸਿਰਫ਼ ਇੱਕ ਟੈਕਸ ਸੁਧਾਰ ਨਹੀਂ ਸੀ; ਇਹ ਇੱਕ ਰਾਸ਼ਟਰ, ਇੱਕ ਟੈਕਸ, ਇੱਕ ਬਜ਼ਾਰ ਵੱਲ ਭਾਰਤ ਦੇ ਦਲੇਰਾਨਾ ਸਫ਼ਰ ਦੀ ਸ਼ੁਰੂਆਤ ਸੀ।



ਅੱਠ ਸਾਲ ਬਾਅਦ, ਇਹ ਤਬਦੀਲੀ ਹੁਣ ਕਿਸੇ ਅਸਾਧਾਰਨ ਘਟਨਾ ਤੋਂ ਘੱਟ ਨਹੀਂ ਜਾਪਦੀ। ਟੈਕਸ ਉਗਰਾਹੀ 2017-2018 ਵਿੱਚ ?7.19 ਲੱਖ ਕਰੋੜ ਤੋਂ ਤਿੰਨ ਗੁਣਾ ਵਧ ਕੇ 2024-2025 ਵਿੱਚ ?22.08 ਲੱਖ ਕਰੋੜ ਹੋ ਗਈ ਹੈ। ਇਸ ਦੇ ਨਾਲ ਹੀ ਟੈਕਸਦਾਤਾਵਾਂ ਦਾ ਅਧਾਰ ਵੀ 65 ਲੱਖ ਤੋਂ ਦੁੱਗਣਾ ਹੋ ਕੇ 1.5 ਕਰੋੜ ਹੋ ਗਿਆ ਹੈ, ਜਿਸ ਨਾਲ ਲੱਖਾਂ ਛੋਟੇ ਉੱਦਮ ਰਸਮੀ ਅਰਥਵਿਵਸਥਾ ਵਿੱਚ ਸ਼ਾਮਲ ਕੀਤੇ ਗਏ ਹਨ। ਇਸ ਆਧਾਰ 'ਤੇ, ਭਾਰਤ ਹੁਣ 22 ਸਤੰਬਰ, 2025 ਤੋਂ ਅਗਲੀ ਪੀੜ੍ਹੀ ਦੇ ਜੀਐੱਸਟੀ ਯੁੱਗ ਵਿੱਚ ਦਾਖਲ ਹੋ ਚੁੱਕਾ ਹੈ, ਜਿਸ ਨਾਲ ਪ੍ਰਣਾਲੀ ਨੂੰ 5 ਪ੍ਰਤੀਸ਼ਤ ਅਤੇ 18 ਪ੍ਰਤੀਸ਼ਤ ਦੇ ਦੋ ਸਲੈਬਾਂ ਵਿੱਚ ਸੁਚਾਰੂ ਬਣਾਇਆ ਗਿਆ ਹੈ, ਨਾਲ ਹੀ ਇਸ ਵਿੱਚ 40 ਪ੍ਰਤੀਸ਼ਤ ਸਲੈਬ ਵਿਲਾਸਤਾ ਅਤੇ ਘਟਕਤਾ ਵਸਤੂਆਂ ਲਈ ਰੱਖੀ ਗਈ ਹੈ। ਘਰੇਲੂ ਜ਼ਰੂਰੀ ਚੀਜ਼ਾਂ, ਦਵਾਈਆਂ ਅਤੇ ਸਿੱਖਿਆ ਸਮੱਗਰੀ 'ਤੇ 0 ਤੋਂ 5 ਪ੍ਰਤੀਸ਼ਤ ਤੱਕ ਦੀਆਂ ਟੈਕਸ ਦਰਾਂ ਪਰਿਵਾਰਾਂ ਨੂੰ ਵਧੇਰੇ ਬੱਚਤ ਕਰਵਾਉਣਗੀਆਂ, ਜਦਕਿ ਕਿਸਾਨਾਂ ਨੂੰ ਟਰੈਕਟਰਾਂ, ਟਾਇਰਾਂ, ਕੀਟਨਾਸ਼ਕਾਂ ਅਤੇ ਸਿੰਚਾਈ ਉਪਕਰਣਾਂ 'ਤੇ ਜੀਐੱਸਟੀ ਦੀਆਂ ਘੱਟ ਦਰਾਂ ਦਾ ਲਾਭ ਹੋਵੇਗਾ, ਜਿਸ ਨਾਲ ਨਿਵੇਸ਼ ਲਾਗਤਾਂ ਘਟਣਗੀਆਂ ਅਤੇ ਪੇਂਡੂ ਆਮਦਨ ਵਿੱਚ ਵਾਧਾ ਹੋਵੇਗਾ। ਆਟੋ ਸੈਕਟਰ ਨੂੰ ਵੀ ਮਹੱਤਵਪੂਰਨ ਰਾਹਤ ਮਿਲੀ ਹੈ, ਸਕੂਟਰਾਂ ਅਤੇ ਕਾਰਾਂ 'ਤੇ ਜੀਐੱਸਟੀ 28 ਪ੍ਰਤੀਸ਼ਤ ਤੋਂ ਘਟਾ ਕੇ 18 ਪ੍ਰਤੀਸ਼ਤ ਕਰ ਦਿੱਤਾ ਗਿਆ ਹੈ। ?2,500 (ਪਹਿਲਾਂ ?1,000) ਤੱਕ ਦੇ ਰੈਡੀਮੇਡ ਕੱਪੜਿਆਂ 'ਤੇ ਵੀ ਹੁਣ ਸਿਰਫ਼ 5 ਪ੍ਰਤੀਸ਼ਤ ਜੀਐੱਸਟੀ ਲੱਗੇਗਾ। ਮੈਂ ਇੱਕ ਕਾਲਜ ਦੇ ਵਿਦਿਆਰਥੀ ਨਾਲ ਗੱਲ ਕੀਤੀ ਅਤੇ ਜਦੋਂ ਉਸਦੇ ਕੱਪੜਿਆਂ ਬਾਰੇ ਪੁੱਛਿਆ ਗਿਆ, ਤਾਂ ਉਸਨੇ ਕਿਹਾ, ÷ਹੁਣ, ਤਿਉਹਾਰਾਂ ਦੀ ਖਰੀਦਦਾਰੀ ਨੇ ਮੇਰੀ ਜੇਬ 'ਤੇ ਪੈਣ ਵਾਲੇ ਬੋਝ ਨੂੰ ਕਾਫ਼ੀ ਘਟਾ ਦਿੱਤਾ ਹੈ। ਉਸੇ ਬਜਟ ਦੇ ਨਾਲ, ਮੈਂ ਇੱਕ ਦੀ ਬਜਾਏ ਦੋ ਰਿਵਾਜ਼ ਦੀਆਂ ਕਮੀਜ਼ਾਂ ਖਰੀਦੀਆਂ ਹਨ। ਮੈਨੂੰ ਜੀਐੱਸਟੀ ਦੀਆਂ ਸਲੈਬਾਂ ਬਾਰੇ ਬਹੁਤਾ ਨਹੀਂ ਪਤਾ, ਪਰ ਮੈਂ ਜਾਣਦਾ ਹਾਂ ਕਿ ਕੱਪੜੇ ਖਰੀਦਣਾ ਹੁਣ ਵਧੇਰੇ ਕਿਫ਼ਾਇਤੀ ਹੋ ਗਿਆ ਹੈ।÷ ਇਸ ਦੇ ਉਲਟ ਪਾਨ ਮਸਾਲਾ, ਤੰਬਾਕੂ, ਔਨਲਾਈਨ ਗੇਮਾਂ, ਲਗਜ਼ਰੀ ਐੱਸਯੂਵੀ ਅਤੇ ਕੈਸੀਨੋ ਵਰਗੀਆਂ ਵਿਲਾਸਤਾ ਅਤੇ ਘਟਕਤਾ ਵਸਤੂਆਂ ਹੁਣ 40 ਪ੍ਰਤੀਸ਼ਤ ਸਲੈਬ ਅਧੀਨ ਆਉਂਦੀਆਂ ਹਨ। ਇਸ ਸੁਧਾਰ ਨੇ ÷ਫਿੱਟ ਇੰਡੀਆ, ਹੈਲਥੀ ਇੰਡੀਆ÷ ਪ੍ਰਤੀ ਸਾਡੀ ਵਚਨਬੱਧਤਾ ਨੂੰ ਮਜ਼ਬੂਤ ਕੀਤਾ ਹੈ, ਜਦਕਿ ਜ਼ਿੰਮੇਵਾਰ ਖ਼ਪਤ ਨੂੰ ਹੱਲ੍ਹਾਸ਼ੇਰੀ ਦਿੱਤੀ ਹੈ, ਜੋ ਕਿ ਬੱਚਤ ਦਾ ਇੱਕ ਅਸਲ ਰੂਪ ਹੈ।

ਅਤੇ ਜਿਸ ਤਰ੍ਹਾਂ ਇਹ ਸੁਧਾਰ ਪਰਿਵਾਰਾਂ, ਕਿਸਾਨਾਂ ਅਤੇ ਉਦਯੋਗਾਂ ਨੂੰ ਰਾਹਤ ਪ੍ਰਦਾਨ ਕਰਦੇ ਹਨ, ਉਹ ਸਾਡੇ ਕੱਪੜਾ ਉਦਯੋਗ ਨੂੰ ਵੀ ਨਵੀਂ ਤਾਕਤ ਦਿੰਦੇ ਹਨ। ਜੀਐੱਸਟੀ 2.0 ਕੱਪੜਾ ਉਦਯੋਗ ਦੇ ਸੰਪੂਰਨ ਬਦਲਾਅ ਲਈ ਰਾਹ ਪੱਧਰਾ ਕਰਦਾ ਹੈ, ਜੋ ਕਿ ਖੇਤੀਬਾੜੀ ਤੋਂ ਬਾਅਦ ਦੂਜਾ ਸਭ ਤੋਂ ਵੱਡਾ ਰੁਜ਼ਗਾਰ ਦੇਣ ਵਾਲਾ ਖੇਤਰ ਹੈ ਅਤੇ ਇੱਕ ਆਤਮਨਿਰਭਰ ਭਾਰਤ ਦੀ ਇੱਕ ਰੌਸ਼ਨ ਉਦਾਹਰਣ ਹੈ।

ਜੀਐੱਸਟੀ 2.0 £350 ਬਿਲੀਅਨ ਕੱਪੜਾ ਉਦਯੋਗ ਨੂੰ ਨਵੀਂ ਊਰਜਾ ਦੇ ਰਿਹਾ ਹੈ।

ਭਾਰਤ ਵਿੱਚ ਕੱਪੜਾ ਉਦਯੋਗ ਬਹੁਤ ਵੱਡਾ ਹੈ, ਜੋ ਰੋਜ਼ੀ-ਰੋਟੀ ਅਤੇ ਨਿਰਯਾਤ ਦੋਵਾਂ 'ਤੇ ਅਸਰ ਪਾਉਂਦਾ ਹੈ। ਅੱਜ, ਇਸ ਉਦਯੋਗ ਦਾ ਆਕਾਰ 179 ਬਿਲੀਅਨ ਡਾਲਰ ਹੈ ਅਤੇ ਇਸ ਵਿੱਚ 4.6 ਕਰੋੜ ਤੋਂ ਵੱਧ ਲੋਕਾਂ ਨੂੰ ਰੁਜ਼ਗਾਰ ਮਿਲਦਾ ਹੈ, ਜਿਨ੍ਹਾਂ ਵਿੱਚੋਂ ਜ਼ਿਆਦਾਤਰ ਔਰਤਾਂ ਹਨ। ਸਰਕਾਰ ਨੇ ਹੁਣ 2030 ਤੱਕ ਇਸ ਉਦਯੋਗ ਦੇ ਆਕਾਰ ਨੂੰ ਲਗਭਗ ਦੁੱਗਣਾ ਕਰਕੇ £350 ਬਿਲੀਅਨ ਬਣਾਉਣ ਦਾ ਟੀਚਾ ਤੈਅ ਕੀਤਾ ਹੈ, ਜਿਸ ਨਾਲ ਦੇਸ਼ ਭਰ ਦੇ ਪਰਿਵਾਰਾਂ ਲਈ ਰੁਜ਼ਗਾਰ ਅਤੇ ਆਮਦਨ ਦੇ ਹੋਰ ਵੀ ਮੌਕੇ ਪੈਦਾ ਹੋਣਗੇ।

ਭਾਰਤ ਦਾ ਸੰਗਠਿਤ ਘਰੇਲੂ ਕੱਪੜਾ ਬਜ਼ਾਰ ਲਗਭਗ £142 ਤੋਂ £145 ਬਿਲੀਅਨ ਹੋਣ ਦਾ ਅੰਦਾਜ਼ਾ ਹੈ ਅਤੇ ਜਦੋਂ ਅਸੀਂ ਵੱਡੇ ਪੱਧਰ 'ਤੇ ਅਸੰਗਠਿਤ ਖੇਤਰ ਨੂੰ ਸ਼ਾਮਲ ਕਰਦੇ ਹਾਂ, ਤਾਂ ਇਹ £155 ਤੋਂ £160 ਬਿਲੀਅਨ ਦੇ ਨੇੜੇ ਪਹੁੰਚ ਜਾਂਦਾ ਹੈ। ਟੈਕਸ ਦਰਾਂ ਨੂੰ ਤਰਕਸੰਗਤ ਬਣਾਉਣ ਅਤੇ ਫਾਈਬਰ-ਨਿਰਪੱਖ ਪ੍ਰਣਾਲੀ ਅਪਣਾਉਣ ਵਰਗੇ ਅਗਲੀ ਪੀੜ੍ਹੀ ਦੇ ਜੀਐੱਸਟੀ ਸੁਧਾਰਾਂ ਦੀ ਸ਼ੁਰੂਆਤ ਦੇ ਨਾਲ, ਨਿਰਮਾਤਾ ਹੁਣ ਸਿੱਧੇ ਤੌਰ 'ਤੇ ਖਰੀਦਦਾਰਾਂ ਨੂੰ ਬੱਚਤ ਦੇ ਸਕਦੇ ਹਨ। ਇਹ ਸੁਧਾਰ ਖਪਤਕਾਰਾਂ, ਖ਼ਾਸਕਰ ਮੱਧ-ਵਰਗ ਦੇ ਪਰਿਵਾਰਾਂ ਨੂੰ ਸਭ ਤੋਂ ਵੱਧ ਲਾਭ ਪਹੁੰਚਾਉਣਗੇ, ਜਿਨ੍ਹਾਂ ਦੇ 2047 ਤੱਕ ਭਾਰਤ ਦੇ ਟੀਚਗਤ ਖਪਤਕਾਰ ਅਧਾਰ ਦਾ 60 ਪ੍ਰਤੀਸ਼ਤ ਬਣਨ ਦੀ ਆਸ ਹੈ। ਘੱਟ ਆਮਦਨੀ ਵਾਲੇ ਸਮੂਹਾਂ ਦੇ ਨਾਲ, ਸਥਾਨਕ ਉਦਯੋਗ ਦਾ ਸਮਰਥਨ ਕਰਦੇ ਹੋਏ ਜ਼ਰੂਰੀ ਕੱਪੜਿਆਂ ਨੂੰ ਵਧੇਰੇ ਕਿਫ਼ਾਇਤੀ ਬਣਾ ਕੇ ਸਾਲਾਨਾ ਲਗਭਗ £8 ਤੋਂ £10 ਬਿਲੀਅਨ ਦੀ ਬੱਚਤ ਹੋਣ ਦਾ ਅੰਦਾਜ਼ਾ ਹੈ। ਇਹ ਸੁਧਾਰ ਕੀਮਤਾਂ ਨੂੰ ਘਟਾਉਣ ਤੋਂ ਕਿਤੇ ਵਧਕੇ ਹਨ ਅਤੇ ਸਹੀ ਅਰਥਾਂ ਵਿੱਚ ਫੈਸ਼ਨ ਨੂੰ ਹੋਰ ਹਰਮਨਪਿਆਰਾ ਬਣਾਉਣ ਵੱਲ ਨੁਮਾਇੰਦਗੀ ਪ੍ਰਦਾਨ ਕਰਦੇ ਹਨ।

ਕੱਪੜਾ ਸੈਕਟਰ ਲਈ ਜੀਐੱਸਟੀ 2.0 ਵਿੱਚ ਸਭ ਤੋਂ ਵੱਡੇ ਬਦਲਾਅ ਵਿੱਚੋਂ ਇੱਕ ਲੰਬੇ ਸਮੇਂ ਤੋਂ ਚੱਲ ਰਹੇ ਉਲਟ ਡਿਊਟੀ ਢਾਂਚੇ ਵਿੱਚ ਸੁਧਾਰ ਹੈ ਜਿਸਨੇ ਮਨੁੱਖ ਵਲੋਂ ਤਿਆਰ ਰੇਸ਼ਾ ਸੈਕਟਰ ਨੂੰ ਕਮਜ਼ੋਰ ਕਰ ਦਿੱਤਾ ਸੀ। ਪਹਿਲਾਂ, ਮਨੁੱਖ ਵਲੋਂ ਬਣਾਏ ਰੇਸ਼ਿਆਂ 'ਤੇ 18 ਪ੍ਰਤੀਸ਼ਤ, ਧਾਗੇ 'ਤੇ 12 ਪ੍ਰਤੀਸ਼ਤ ਅਤੇ ਕੱਪੜੇ 'ਤੇ ਸਿਰਫ 5 ਪ੍ਰਤੀਸ਼ਤ ਟੈਕਸ ਲਗਾਇਆ ਜਾਂਦਾ ਸੀ। ਇਸ ਢਾਂਚੇ ਨੇ ਕੱਚੇ ਮਾਲ ਨੂੰ ਤਿਆਰ ਉਤਪਾਦਾਂ ਨਾਲੋਂ ਮਹਿੰਗਾ ਬਣਾ ਦਿੱਤਾ, ਜਿਸ ਨਾਲ ਕਾਰਜਸ਼ੀਲ ਪੂੰਜੀ ਲਈ ਰੁਕਾਵਟ ਪੇਸ਼ ਆਈ ਅਤੇ ਨਵੇਂ ਨਿਵੇਸ਼ ਲਈ ਔਕੜ ਖੜ੍ਹੀ ਹੋ ਗਈ। ਜੀਐੱਸਟੀ 2.0 ਵਿੱਚ ਹੁਣ ਮਨੁੱਖ ਵਲੋਂ ਤਿਆਰ ਕੀਤੀਆਂ ਵਸਤਾਂ ਦੇ ਖੇਤਰ ਵਿੱਚ ਇੱਕ ਬਰਾਬਰ 5% ਟੈਕਸ ਹੈ, ਜੋ ਅਸਲ ਵਿੱਚ ਰੇਸ਼ਾ ਨਿਰਪੱਖ ਈਕੋਸਿਸਟਮ ਦੀ ਸਿਰਜਣਾ ਕਰਦਾ ਹੈ। ਇਹ ਲੱਖਾਂ ਐੱਮਐੱਸਐੱਮਈ ਲਈ ਇੱਕ ਵੱਡੀ ਰਾਹਤ ਹੈ, ਜੋ ਕਿ ਭਾਰਤ ਦੇ ਕੱਪੜਾ ਉਦਯੋਗ ਦਾ ਲਗਭਗ 80% ਹੈ। ਇਹ ਮਨੁੱਖ ਵਲੋਂ ਬਣਾਏ ਰੇਸ਼ਿਆਂ ਦੇ ਸੈਕਟਰ ਲਈ ਇੱਕ ਆਲਮੀ ਧੁਰਾ ਬਣਨ ਦੀ ਭਾਰਤ ਦੀ ਇੱਛਾ ਨੂੰ ਮਜ਼ਬੂਤ ਕਰਦਾ ਹੈ ਅਤੇ ਸਾਲਾਨਾ ਪੈਦਾ ਹੋਣ ਵਾਲੇ 22,000 ਮਿਲੀਅਨ ਕੱਪੜਿਆਂ ਨੂੰ ਘੱਟ ਨਿਵੇਸ਼ ਲਾਗਤਾਂ, ਵਧੀ ਮੁਕਾਬਲੇਬਾਜ਼ੀ ਅਤੇ ਵਧੇਰੇ ਮਾਰਕੀਟ ਮੰਗ ਨਾਲ ਤਿਆਰ ਕਰਨ ਦੇ ਯੋਗ ਬਣਾਉਂਦਾ ਹੈ। ਇਹ ਸੁਧਾਰ ਨਾ ਸਿਰਫ਼ ਕੱਪੜੇ ਨੂੰ ਕਿਫਾਇਤੀ ਬਣਾਉਣਗੇ ਅਤੇ ਨਿਰਯਾਤ ਨੂੰ ਵਧਾਉਣਗੇ, ਸਗੋਂ 'ਮੇਕ ਇਨ



ਇੰਡੀਆ' ਅਤੇ 'ਆਤਮਨਿਰਭਰ ਭਾਰਤ' ਦੇ ਦ੍ਰਿਸ਼ਟੀਕੋਣ ਨੂੰ ਵੀ ਮਜ਼ਬੂਤ ਕਰਨਗੇ, ਜੋ ਸਾਡੀ ਵਿਰਾਸਤ ਅਤੇ ਵਿਕਾਸ ਦੋਵਾਂ ਨੂੰ ਅੱਗੇ ਵਧਾਏਗਾ।

ਆਓ ਇਸਨੂੰ ਇੱਕ ਉਦਾਹਰਣ ਨਾਲ ਸਮਝੀਏ। ਪਹਿਲਾਂ, ਸੂਰਤ ਵਿੱਚ ਇੱਕ ਔਰਤਾਂ ਦੇ ਸਿਲਾਈ ਯੂਨਿਟ ਵਿੱਚ ਮਨੁੱਖ ਵਲੋਂ ਬਣਾਏ ਗਏ ਰੇਸ਼ੇ ਅਤੇ ਧਾਗੇ ਦੀ ਲਾਗਤ ਇੰਨੀ ਜ਼ਿਆਦਾ ਸੀ ਕਿ ਉਨ੍ਹਾਂ ਦਾ ਮੁਨਾਫ਼ਾ ਘਟ ਜਾਂਦਾ ਸੀ ਅਤੇ ਆਰਡਰ ਅਕਸਰ ਵਿਦੇਸ਼ਾਂ ਵੱਲ ਚਲੇ ਜਾਂਦੇ ਸਨ। ਹੁਣ, ਜੀਐੱਸਟੀ 2.0 ਨਾਲ ਟੈਕਸਾਂ ਨੂੰ ਇਕਸਾਰ 5 ਪ੍ਰਤੀਸ਼ਤ ਤੱਕ ਘਟਾਉਣ ਨਾਲ, ਉਨ੍ਹਾਂ ਦੀਆਂ ਨਿਵੇਸ਼ ਲਾਗਤਾਂ ਘੱਟ ਗਈਆਂ ਹਨ, ਉਹ ਹੋਰ ਆਰਡਰ ਹਾਸਲ ਕਰ ਸਕਦੇ ਹਨ, ਢੁਕਵੀਂ ਮਜ਼ਦੂਰੀ ਦੇ ਸਕਦੇ ਹਨ ਅਤੇ ਇੱਥੋਂ ਤੱਕ ਕਿ ਆਪਣੇ ਕਾਰੋਬਾਰਾਂ ਦਾ ਪਸਾਰ ਵੀ ਕਰ ਸਕਦੇ ਹਨ। ਇਹ ਰਾਸ਼ਟਰੀ ਸੁਧਾਰ ਸਿੱਧੇ ਤੌਰ 'ਤੇ ਆਮ ਕਾਮਿਆਂ ਅਤੇ ਪਰਿਵਾਰਾਂ ਦੇ ਜੀਵਨ 'ਤੇ ਅਸਰ ਪਾਉਂਦੇ ਹਨ।

ਇਹ ਲਾਭ ਇੱਥੇ ਹੀ ਖਤਮ ਨਹੀਂ ਹੁੰਦੇ। ਵਪਾਰਕ ਮਾਲ ਵਾਹਨਾਂ 'ਤੇ ਜੀਐੱਸਟੀ ਨੂੰ 28 ਪ੍ਰਤੀਸ਼ਤ ਤੋਂ 18 ਪ੍ਰਤੀਸ਼ਤ ਅਤੇ ਢੋਆ-ਢੁਆਈ ਸੇਵਾਵਾਂ 'ਤੇ 12 ਪ੍ਰਤੀਸ਼ਤ ਤੋਂ 5 ਪ੍ਰਤੀਸ਼ਤ ਤੱਕ ਘਟਾਉਣ ਨਾਲ ਕੱਪੜਾ ਸਪਲਾਈ ਲੜੀ ਵਿੱਚ ਆਵਾਜਾਈ ਲਾਗਤਾਂ ਘਟ ਜਾਂਦੀਆਂ ਹਨ। ਇਹ ਸਿੱਧੇ ਤੌਰ 'ਤੇ ਪ੍ਰਧਾਨ ਮੰਤਰੀ ਗਤੀ ਸ਼ਕਤੀ ਅਤੇ ਰਾਸ਼ਟਰੀ ਲੌਜਿਸਟਿਕ ਨੀਤੀ ਦਾ ਸਹਿਯੋਗ ਕਰਦਾ ਹੈ ਅਤੇ ਨਾਲ ਹੀ ਆਲਮੀ ਬਜ਼ਾਰਾਂ ਵਿੱਚ ਭਾਰਤੀ ਕੱਪੜਾ ਨਿਰਯਾਤ ਨੂੰ ਵੀ ਮਜ਼ਬੂਤ ਕਰਦਾ ਹੈ। ਜੀਐੱਸਟੀ 2.0 ਦੇ ਸੁਧਾਰ ਰਲ਼ਮਿਲ ਕੇ ਕੱਪੜਾ ਮੁੱਲ ਲੜੀ ਦੇ ਹਰ ਪੜਾਅ ਨੂੰ ਮਜ਼ਬੂਤ ਬਣਾਉਂਦੇ ਹਨ, ਜਿਸ ਵਿੱਚ ਰੇਸ਼ਾ ਉਤਪਾਦਨ ਤੋਂ ਲੈ ਕੇ ਕੱਪੜਿਆਂ ਨੂੰ ਤਿਆਰ ਕਰਨਾ ਅਤੇ ਵਿਦੇਸ਼ੀ ਬਾਜ਼ਾਰਾਂ ਵਿੱਚ ਭੇਜਣਾ ਸ਼ਾਮਲ ਹੈ। ਇਹ ਦੇਸ਼ ਭਰ ਵਿੱਚ ਵਿਕਾਸ ਅਤੇ ਰੁਜ਼ਗਾਰ ਦੀ ਸਿਰਜਣਾ ਨੂੰ ਵਧਾਉਂਦਾ ਹੈ।

ਆਮ ਲੋਕਾਂ 'ਤੇ ਅਸਰ - ਅਗਲੀ ਪੀੜ੍ਹੀ ਦੇ ਜੀਐੱਸਟੀ ਸੁਧਾਰ ਹਰ ਜ਼ਿੰਦਗੀ ਨੂੰ ਕਿਵੇਂ ਪ੍ਰਭਾਵਿਤ ਕਰਦੇ ਹਨ

ਜੀਐੱਸਟੀ 2.0 ਦਾ ਆਰਥਿਕ ਅਸਰ ਆਮ ਪਰਿਵਾਰਾਂ ਦੇ ਰੋਜ਼ਾਨਾ ਜੀਵਨ ਵਿੱਚ ਮਹਿਸੂਸ ਕੀਤਾ ਜਾ ਰਿਹਾ ਹੈ। ਉਦਯੋਗ ਦਾ ਅੰਦਾਜ਼ਾ ਹੈ ਕਿ ਇਸ ਲਗਭਗ ?1.98 ਲੱਖ ਕਰੋੜ ਦੀ ਸਿੱਧੀ ਖਪਤ ਵਧੇਗੀ ਅਤੇ ਘਟੀਆਂ ਦਰਾਂ ਸਦਕਾ ਪਰਿਵਾਰਾਂ ਨੂੰ ਸਾਲਾਨਾ ਲਗਭਗ ?48,000 ਕਰੋੜ ਦੀ ਬਚਤ ਹੋਵੇਗੀ।

ਇਸ ਦੇ ਪਿਛੋਕੜ ਸਮਝਣ ਲਈ, 2014 ਵਿੱਚ ਯੂਪੀਏ ਸਰਕਾਰ ਦੇ ਅਧੀਨ, ਰੋਜ਼ਾਨਾ ਲੋੜਾਂ 'ਤੇ ਪ੍ਰਤੀ ਸਾਲ ?1 ਲੱਖ ਖਰਚ ਕਰਨ ਵਾਲਾ ਇੱਕ ਪਰਿਵਾਰ ਲਗਭਗ ?25,000 ਟੈਕਸ ਅਦਾ ਕਰਦਾ ਸੀ। ਜੀਐੱਸਟੀ ਅਤੇ ਜੀਐੱਸਟੀ 2.0 ਤੋਂ ਬਾਅਦ, ਉਹੀ ਪਰਿਵਾਰ ਅੱਜ ਲਗਭਗ ?5,000 ਤੋਂ ?6,000 ਟੈਕਸ ਅਦਾ ਕਰ ਰਿਹਾ ਹੈ। ਭਾਵ ਹਰ ਸਾਲ ਲਗਭਗ ?20,000 ਦੀ ਬੱਚਤ ਹੋ ਰਹੀ ਹੈ ਅਤੇ ਇਹ ਪੈਸਾ ਬੱਚਿਆਂ ਦੀ ਸਿੱਖਿਆ, ਬਿਹਤਰ ਪੋਸ਼ਣ ਅਤੇ ਪਰਿਵਾਰਕ ਭਲਾਈ ਲਈ ਪਰਿਵਾਰ ਨੂੰ ਵਾਪਸ ਜਾਂਦਾ ਹੈ। ਆਮਦਨ ਟੈਕਸ ਛੋਟਾਂ ਦੇ ਨਾਲ, ਸਾਰੇ ਭਾਰਤੀ ਪਰਿਵਾਰਾਂ ਲਈ ਬੱਚਤ ਲਗਭਗ ?2.5 ਲੱਖ ਕਰੋੜ ਸਾਲਾਨਾ ਹੋਣ ਦਾ ਅੰਦਾਜ਼ਾ ਹੈ। ਇਹ ਅਸਰ ਛੋਟੇ ਕਸਬਿਆਂ ਅਤੇ ਪਿੰਡਾਂ ਲਈ ਹੋਰ ਵੀ ਮਹੱਤਵਪੂਰਨ ਹੈ, ਜਿੱਥੇ ਭਾਰਤ ਦੀ ਲਗਭਗ 63 ਪ੍ਰਤੀਸ਼ਤ ਅਬਾਦੀ ਵਸਦੀ ਹੈ।

ਬੇਗੂਸਰਾਏ ਦੇ ਬਜ਼ਾਰਾਂ ਦੇ ਆਪਣੇ ਹਾਲੀਆ ਦੌਰੇ ਦੌਰਾਨ, ਮੈਂ ਜੀਐੱਸਟੀ ਸੁਧਾਰਾਂ ਦੇ ਹਾਂ-ਪੱਖੀ ਅਸਰ ਨੂੰ ਮਹਿਸੂਸ ਕੀਤਾ। ਪ੍ਰਚੂਨ ਵਿਕਰੇਤਾਵਾਂ ਨੇ ਘਟੀਆਂ ਦਰਾਂ 'ਤੇ ਆਪਣੀ ਖੁਸ਼ੀ ਪ੍ਰਗਟ ਕੀਤੀ ਅਤੇ ਗਾਹਕ ਇਨ੍ਹਾਂ ਸੁਧਾਰਾਂ ਪ੍ਰਤੀ ਸਪੱਸ਼ਟ ਤੌਰ 'ਤੇ ਉਤਸ਼ਾਹਿਤ ਦਿਖਾਈ ਦੇ ਰਹੇ ਹਨ, ਕਿਉਂਕਿ ਤਿਉਹਾਰਾਂ ਦੇ ਸੀਜ਼ਨ ਦੌਰਾਨ ਵੱਡੀ ਗਿਣਤੀ ਵਿੱਚ ਖਰੀਦਦਾਰੀ ਕਰਨ ਲਈ ਗਾਹਕ ਆ ਰਹੇ ਹਨ। ਬਜ਼ਾਰਾਂ ਵਿੱਚ ਵਧਦੀ ਆਮਦ ਸਪੱਸ਼ਟ ਤੌਰ 'ਤੇ ਦਰਸਾਉਂਦੀ ਹੈ ਕਿ ਇਹ ਸੁਧਾਰ ਕਿਵੇਂ ਇੱਕ ਸਰਗਰਮ ਅਤੇ ਹਾਂ-ਪੱਖੀ ਆਰਥਿਕ ਮਾਹੌਲ ਸਿਰਜ ਰਹੇ ਹਨ, ਜੋ ਪਰਿਵਾਰਾਂ ਅਤੇ ਕਾਰੋਬਾਰਾਂ ਦੋਵਾਂ ਲਈ ਇੱਕ ਅਸਲ ਲਾਭ ਹੈ।

ਮਹੀਨਾਵਾਰ ਜੀਐੱਸਟੀ ਉਗਰਾਹੀ, ਜੋ ਕਿ ਵਿੱਤੀ ਸਾਲ 2024-25 ਵਿੱਚ ?1.85 ਲੱਖ ਕਰੋੜ ਨੂੰ ਪਾਰ ਕਰ ਗਈ ਸੀ, ਹੁਣ ਲਗਾਤਾਰ ?2 ਲੱਖ ਕਰੋੜ ਤੋਂ ਵੱਧ ਹੋਣ ਦਾ ਅੰਦਾਜ਼ਾ ਹੈ। ਇਹ ਸੁਧਾਰ ਨਾ ਸਿਰਫ਼ ਨਾਗਰਿਕਾਂ 'ਤੇ ਵਿੱਤੀ ਬੋਝ ਘਟਾ ਰਹੇ ਹਨ, ਸਗੋਂ ਇਨ੍ਹਾਂ ਘਟੀਆਂ ਦਰਾਂ 'ਤੇ ਵੀ ਮਾਲੀਆ ਵਧਦਾ ਰਹੇਗਾ। ਇਹ ਇੱਕ ਅਜਿਹਾ ਦੁਰਲੱਭ ਮੌਕਾ ਹੈ ਜਿੱਥੇ ਸੁਧਾਰ ਲੋਕ-ਕੇਂਦ੍ਰਿਤ ਅਤੇ ਵਿੱਤੀ ਤੌਰ 'ਤੇ ਮਜ਼ਬੂਤ ਹਨ, ਜੋ ਪਰਿਵਾਰਾਂ ਨੂੰ ਮਜ਼ਬੂਤ ਬਣਾਉਂਦੇ ਹੋਏ ਭਾਰਤ ਦੇ ਆਰਥਿਕ ਭਵਿੱਖ ਨੂੰ ਸੁਰੱਖਿਅਤ ਬਣਾ ਰਹੇ ਹਨ।

ਸਮਾਜਿਕ ਢਾਂਚਾ - ਅਰਥਸ਼ਾਸਤਰ ਤੋਂ ਅੱਗੇ ਸਸ਼ਕਤੀਕਰਨ ਤੱਕ

ਜੀਐੱਸਟੀ 2.0 ਦੇ ਕੱਪੜਾ ਖੇਤਰ ਦੇ ਸੁਧਾਰ ਸਿਰਫ਼ ਆਰਥਿਕ ਤਬਦੀਲੀ ਤੋਂ ਕਿਤੇ ਵਧਕੇ ਹਨ; ਇਹ ਸੰਮਲਿਤ ਵਿਕਾਸ ਬਾਰੇ ਹਨ, ਜੋ ਸਿੱਧੇ ਤੌਰ 'ਤੇ ਭਾਰਤ ਭਰ ਦੇ 6.5 ਮਿਲੀਅਨ ਜੁਲਾਹਿਆਂ ਅਤੇ ਕਾਰੀਗਰਾਂ ਨੂੰ ਪ੍ਰਭਾਵਤ ਕਰਦੇ ਹਨ। ਇਹ ਨਾ ਸਿਰਫ਼ ਭਾਰਤ ਦੀ ਅਮੀਰ ਸੱਭਿਆਚਾਰਕ ਵਿਰਾਸਤ ਨੂੰ ਸੁਰੱਖਿਅਤ ਰੱਖਣ ਵਿੱਚ ਮਦਦ ਕਰ ਰਹੇ ਹਨ ਬਲਕਿ ਇਸ ਖੇਤਰ ਵਿੱਚ ਕੰਮ ਕਰਨ ਵਾਲੀਆਂ ਲੱਖਾਂ ਔਰਤਾਂ ਨੂੰ ਰੋਜ਼ੀ-ਰੋਟੀ ਦਾ ਸਹਾਰਾ ਵੀ ਦੇ ਰਹੇ ਹਨ।

ਹੱਥ-ਖੱਡੀਆਂ, ਦਸਤਕਾਰੀ ਅਤੇ ਗਲੀਚਿਆਂ 'ਤੇ ਜੀਐੱਸਟੀ ਨੂੰ 12 ਪ੍ਰਤੀਸ਼ਤ ਤੋਂ 5 ਪ੍ਰਤੀਸ਼ਤ ਤੱਕ ਘਟਾਉਣ ਨਾਲ ਇਨ੍ਹਾਂ ਰਵਾਇਤੀ ਉਤਪਾਦਾਂ ਨੂੰ ਭਾਰਤੀ ਅਤੇ ਆਲਮੀ ਬਾਜ਼ਾਰਾਂ ਦੋਵਾਂ ਵਿੱਚ ਵਧੇਰੇ ਪ੍ਰਤੀਯੋਗੀ ਬਣਾਇਆ ਗਿਆ ਹੈ। ਇਸ ਤੋਂ ਇਲਾਵਾ, ਸਿਲਾਈ ਮਸ਼ੀਨਾਂ 'ਤੇ ਜੀਐੱਸਟੀ ਨੂੰ 12 ਪ੍ਰਤੀਸ਼ਤ ਤੋਂ 5 ਪ੍ਰਤੀਸ਼ਤ ਤੱਕ ਘਟਾਉਣ ਨਾਲ ਭਾਰਤ ਦੇ ਮਹਿਲਾ-ਪ੍ਰਧਾਨ ਕੱਪੜਾ ਉਦਯੋਗ ਨੂੰ ਸਿੱਧਾ ਹੁਲਾਰਾ ਮਿਲ ਰਿਹਾ ਹੈ।

ਪਿਛਲੇ ਦਹਾਕੇ ਦੌਰਾਨ ਪੇਂਡੂ ਆਮਦਨ ਅਤੇ ਖਰਚ ਦੁੱਗਣੇ ਤੋਂ ਵੀ ਵੱਧ ਹੋ ਗਏ ਹਨ, ਜੋ 2011-12 ਵਿੱਚ ਪ੍ਰਤੀ ਮਹੀਨਾ ?1,430 ਤੋਂ 2023-24 ਵਿੱਚ ?4,122 ਹੋ ਗਏ ਹਨ। ਜੀਐੱਸਟੀ 2.0 ਦੇ ਨਾਲ, ਇਹ ਵਧੀ ਹੋਈ ਖਰੀਦ ਸ਼ਕਤੀ ਸਿੱਧੇ ਤੌਰ 'ਤੇ ਭਾਰਤ ਵਿੱਚ ਬਣੇ ਕੱਪੜਿਆਂ ਦੀ ਮੰਗ ਨੂੰ ਤੇਜ਼ ਕਰੇਗੀ, ਜੁਲਾਹਿਆਂ, ਦਰਜ਼ੀਆਂ ਅਤੇ ਕੱਪੜਾ ਕਾਮਿਆਂ ਲਈ ਵਧੇਰੇ ਨੌਕਰੀਆਂ ਪੈਦਾ ਕਰੇਗੀ ਅਤੇ ਇਸ ਨਾਲ ਵਿਕਾਸ ਦਾ ਇੱਕ ਚੱਕਰ ਬਣੇਗਾ ਜੋ ਸਮਾਜ ਦੇ ਹਰ ਵਰਗ ਨੂੰ ਲਾਭ ਪਹੁੰਚਾਏਗਾ।

ਹਾਲ ਹੀ ਵਿੱਚ ਹੋਏ ਇੱਕ ਸਮਾਗਮ ਵਿੱਚ, ਮੈਂ ਕਈ ਸਵੈ-ਸਹਾਇਤਾ ਸਮੂਹ (ਐੱਸਐੱਚਜੀ) ਦੀਦੀਆਂ ਨੂੰ ਮਿਲਿਆ, ਜਿਨ੍ਹਾਂ ਨੇ ਖੁਸ਼ੀ ਪ੍ਰਗਟ ਕੀਤੀ ਕਿ ਸਰਕਾਰ ਨੇ ਪਹਿਲਾਂ ਉਨ੍ਹਾਂ ਨੂੰ ਲਖਪਤੀ ਦੀਦੀਆਂ ਬਣਾ ਕੇ ਅਤੇ ਹੁਣ, ਜੀਐੱਸਟੀ ਸੁਧਾਰਾਂ ਰਾਹੀਂ ਜ਼ਰੂਰੀ ਵਸਤੂਆਂ ਨੂੰ ਵਧੇਰੇ ਕਿਫਾਇਤੀ ਬਣਾ ਕੇ ਅਤੇ ਆਮਦਨ ਕਰ ਸੁਧਾਰਾਂ ਰਾਹੀਂ ਉਨ੍ਹਾਂ ਦੇ ਟੈਕਸ ਬੋਝ ਨੂੰ ਘਟਾ ਕੇ ਮਜ਼ਬੂਤ ਬਣਾਇਆ ਹੈ। ਉਨ੍ਹਾਂ ਕਿਹਾ ਕਿ ਇਹ ਦੀਵਾਲੀ ਉਨ੍ਹਾਂ ਦੇ ਪਰਿਵਾਰਾਂ ਲਈ ਵਧੇਰੇ ਤੋਹਫ਼ੇ ਅਤੇ ਖੁਸ਼ੀ ਭਰੇ ਜਸ਼ਨਾਂ ਦੇ ਨਾਲ ਅਸਲ ਖੁਸ਼ੀ ਲੈ ਕੇ ਆਈ ਹੈ। ਇਹ ਸੁਧਾਰ ਆਰਥਿਕਤਾ ਨੂੰ ਤੇਜ਼ ਬਣਾ ਰਹੇ ਹਨ, ਆਮਦਨ ਵਧਾ ਰਹੇ ਹਨ ਅਤੇ ਟੈਕਸ ਬੋਝ ਘਟਾ ਰਹੇ ਹਨ।

ਇੱਕ ਅਜਿਹੇ ਸਮੇਂ ਵਿੱਚ ਜਦੋਂ ਭਾਰਤ ਤੇਜ਼ੀ ਨਾਲ ਆਤਮ ਨਿਰਭਰਤਾ ਵੱਲ ਵਧ ਰਿਹਾ ਹੈ, ਹੱਥ-ਖੱਡੀ ਅਤੇ ਦਸਤਕਾਰੀ ਖੇਤਰ, ਸਾਡੇ ਸਵੈ-ਸਹਾਇਤਾ ਸਮੂਹ ਦੀਦੀਆਂ ਦੇ ਨਾਲ, 'ਵੋਕਲ ਫਾਰ ਲੋਕਲ' ਅਤੇ 'ਸਵਦੇਸ਼ੀ ਅੰਦੋਲਨ' ਦੀ ਆਤਮਾ ਵਜੋਂ ਬੁਲੰਦ ਖੜ੍ਹਾ ਹੈ। ਸਾਡੇ ਕਾਰੀਗਰ ਅਤੇ ਜੁਲਾਹੇ ਨਾ ਸਿਰਫ਼ ਇਨ੍ਹਾਂ ਪ੍ਰੰਪਰਾਵਾਂ ਨੂੰ ਸੁਰੱਖਿਅਤ ਰੱਖ ਰਹੇ ਹਨ, ਸਗੋਂ ਦੇਸ਼ ਦੀ ਆਤਮ-ਨਿਰਭਰ ਭਾਰਤ ਵੱਲ ਸਫ਼ਰ ਦੀ ਅਸਲ ਬੁਨਿਆਦ ਵੀ ਹਨ।

ਜੀਐੱਸਟੀ 2.0 ਅਤੇ ਵਿਕਸਿਤ ਭਾਰਤ 2047 ਦਾ ਰਾਹ

ਜਿਵੇਂ-ਜਿਵੇਂ ਭਾਰਤ ਅੰਮ੍ਰਿਤਕਾਲ ਵਿੱਚ ਦਾਖ਼ਲ ਹੁੰਦੇ ਹੋਏ 2047 ਵੱਲ ਵਧ ਰਿਹਾ ਹੈ, ਜੀਐੱਸਟੀ 2.0 ਆਪਣੇ ਆਪ ਨੂੰ ਨਾ ਸਿਰਫ਼ ਇੱਕ ਟੈਕਸ ਸੁਧਾਰ ਵਜੋਂ, ਸਗੋਂ ਵਿਕਸਿਤ ਭਾਰਤ ਲਈ ਇੱਕ ਵਿਕਾਸ ਰਣਨੀਤੀ ਵਜੋਂ ਵੀ ਪੇਸ਼ ਕਰਦਾ ਹੈ। ਟੈਕਸ ਸਲੈਬਾਂ ਨੂੰ ਸੁਖਾਲ਼ਾ ਬਣਾਉਣ, ਆਮ ਆਦਮੀ ਲਈ ਘਰੇਲੂ ਖਰਚਿਆਂ ਨੂੰ ਘਟਾਉਣ, ਕਿਸਾਨਾਂ ਨੂੰ ਮਜ਼ਬੂਤ ਬਣਾਉਣ, ਐੱਮਐੱਸਐੱਮਈਜ਼ ਦਾ ਸਾਥ ਦੇਣ ਅਤੇ ਕੱਪੜਾ ਉਦਯੋਗ ਜਿਹੇ ਵਰਗੇ ਕਿਰਤ-ਅਧਾਰਤ ਉਦਯੋਗਾਂ ਨੂੰ ਮੁੜ ਸੁਰਜੀਤ ਕਰਨ ਤੋਂ ਲੈ ਕੇ, ਇਹ ਰਹਿਣ-ਸਹਿਣ ਦੀ ਸੌਖ ਅਤੇ ਕਾਰੋਬਾਰ ਕਰਨ ਦੀ ਸੌਖ ਦੋਵਾਂ ਨੂੰ ਮਜ਼ਬੂਤ ਬਣਾਉਂਦਾ ਹੈ। ਰੇਸ਼ਾ ਨਿਰਪੱਖ ਜੀਐੱਸਟੀ ਖ਼ਾਸ ਤੌਰ 'ਤੇ ਪਰਿਵਰਤਨਸ਼ੀਲ ਹੈ, ਜੋ ਮਨੁੱਖ ਵਲੋਂ ਬਣਾਏ ਅਤੇ ਕੁਦਰਤੀ ਕੱਪੜਿਆਂ ਦੋਵਾਂ ਵਿੱਚ ਨਵੇਂ ਵਾਧੇ ਨੂੰ ਹੱਲ੍ਹਾਸ਼ੇਰੀ ਦੇਵੇਗਾ, ਜਿਸ ਨਾਲ ਭਾਰਤ ਨੂੰ ਆਪਣੀ ਆਲਮੀ ਬਜ਼ਾਰ ਵਿੱਚ ਆਪਣੀ ਹਿੱਸੇਦਾਰੀ ਵਧਾਉਣ, ਲੱਖਾਂ ਨਵੀਆਂ ਨੌਕਰੀਆਂ ਪੈਦਾ ਕਰਨ ਅਤੇ ਕੱਪੜੇ ਅਤੇ ਘਰੇਲੂ ਸਜਾਵਟੀ ਖੇਤਰਾਂ ਵਿੱਚ ਇੱਕ ਅਸਲ ਆਲਮੀ ਮੋਹਰੀ ਵਜੋਂ ਉਭਰਨ ਦੇ ਯੋਗ ਬਣਾਉਂਦਾ ਹੈ।

ਜਿਵੇਂ ਕਿ ਜੀਐੱਸਟੀ 2.0 ਇਨ੍ਹਾਂ ਨਰਾਤਿਆਂ ਤੋਂ ਲਾਗੂ ਹੋ ਗਿਆ ਹੈ, ਇਹ ਪਰਿਵਾਰਾਂ ਲਈ ਬੱਚਤ, ਕਿਸਾਨਾਂ ਲਈ ਰਾਹਤ, ਕਾਰੋਬਾਰਾਂ ਲਈ ਵਿਕਾਸ ਅਤੇ ਕਾਮਿਆਂ ਲਈ ਰੁਜ਼ਗਾਰ ਦੇ ਮੌਕੇ ਲਿਆਇਆ ਹੈ। ਇਹ ਹਰੇਕ ਭਾਰਤੀ ਲਈ ਦੀਵਾਲੀ ਤੋਂ ਪਹਿਲਾਂ ਦਾ ਇੱਕ ਅਸਲ ਤੋਹਫ਼ਾ ਹੈ। ਸਮੁੱਚੀ ਕੱਪੜਾ ਮੁੱਲ ਲੜੀ ਵੱਲੋਂ, ਮੈਂ ਮਾਣਯੋਗ ਪ੍ਰਧਾਨ ਮੰਤਰੀ ਸ਼੍ਰੀ ਨਰੇਂਦਰ ਮੋਦੀ ਨੂੰ ਭਾਰਤ ਦੀ ਅਪ੍ਰਤੱਖ ਟੈਕਸ ਪ੍ਰਣਾਲੀ ਨੂੰ ਸੌਖ, ਨਿਰਪੱਖਤਾ ਅਤੇ ਵਿਕਾਸ ਵੱਲ ਲਿਜਾਣ ਲਈ ਦੂਰਦਰਸ਼ੀ ਅਗਵਾਈ ਲਈ ਉਨ੍ਹਾਂ ਦਾ ਤਹਿ-ਦਿਲੋਂ ਧੰਨਵਾਦ ਕਰਦਾ ਹਾਂ। ਜੀਐੱਸਟੀ 2.0 ਸਾਡੀ ਸੁਧਾਰ ਯਾਤਰਾ ਵਿੱਚ ਇੱਕ ਮਹੱਤਵਪੂਰਨ ਮੀਲ ਪੱਥਰ ਹੈ ਅਤੇ 2047 ਤੱਕ ਵਿਕਸਿਤ ਰਾਸ਼ਟਰ ਬਣਨ ਵੱਲ ਭਾਰਤ ਦੀ ਤਰੱਕੀ ਲਈ ਰੂਪ-ਰੇਖਾ ਤੈਅ ਕਰਦਾ ਹੈ।